ਹਿਤ ਸਰੋਤ

ਮਈ-ਜੂਨ 2004

ਜੋ ਜਨ ਨੀਚ ਘ੍ਰਿਣਾਂ ਦੇ ਨਾਲ ਭਰਿਆ ਹੋਇਆ ਹੈ, ਘਮੰਡ ਨਾਲ ਆਕੜ ਰਿਹਾ ਹੈ,
ਆਪਣੇ ਆਪ ਨੂੰ ਦੇਵ ਆਤਮਾ ਦਾ ਮੁਹਤਾਜ ਅਤੇ ਉਨ੍ਹਾਂ ਨੂੰ ਆਪਣੇ
ਉਧਾਰ ਕਰਤਾ ਅਤੇ ਜੀਵਨ ਦਾਤਾ ਦੇ ਰੂਪ ਵਿੱਚ ਉਪਲੱਭਧ
ਨਹੀਂ ਕਰ ਸਕਦਾ, ਉਸ ਤਕ ਉਨ੍ਹਾਂ ਦੀ ਦੇਵ ਜੋਤੀ
ਅਤੇ ਉਨ੍ਹਾਂ ਦੇ ਦੇਵ ਤੇਜ ਦੀਆਂ ਕਿਰਨਾਂ
ਨਹੀਂ ਪਹੁੰਚ ਸਕਦੀਆਂ।

– ਦੇਵ ਆਤਮਾ

ਮਾਂ ਦੀ ਮਮਤਾ

ਮਾਂ ਦੀ ਮਮਤਾ ਬੜੀ ਪਿਆਰੀ
ਸਾਰੇ ਜੱਗ ਤੋਂ ਇਹ ਹੈ ਪਿਆਰੀ।।

ਮਾਂ ਵਰਗਾ ਕੋਈ ਪਿਆਰ ਨਾ ਦੂਜਾ
ਮਾਂ ਦੀ ਕਰਾਂ ਮੈਂ ਹਰਦਮ ਪੂਜਾ।।

ਦੁੱਖ ਹੈ ਸਾਡੇ ਵੰਡਦੀ ਮਾਂ,
ਤਾਹੀਂ ਕਹਿੰਦੇ ਇਸਨੂੰ ਜੰਨਤ ਦੀ ਛਾਂ।।

ਮਾਂ ਦੇ ਰਹੀਏ ਅਸੀਂ ਆਗਿਆਕਾਰੀ
ਮਾਂ ਦੀ ਮਮਤਾ ਬੜੀ ਪਿਆਰੀ।।

ਉਹ ਬੱਚੇ ਹਨ ਸਦਾ ਹੀ ਰੁਲ੍ਹਦੇ
ਵੱਡੇ ਹੋ ਕੇ ਜੋ ਮਾਂ ਨੂੰ ਭੁਲਦੇ।।

ਨਸੀਬ ਵਾਲੇ ਨੇ ਹੁੰਦੇ ਉਹ
ਮਾਂ ਦੀ ਮਮਤਾ ਪਾਉਂਦੇ ਜੋ।।

ਬਚਪਨ ਜਿਸ ਦੀ ਕੁੱਖ ਬਿਤਾਇਆ
ਉਹ ਮਮਤਾ ਨੂੰ ਤੂੰ ਕਿਉਂ ਭੁਲਾਇਆ।।

ਕਹਿੰਦੀ ਹੈ ਇਹ ਦੁਨੀਆਂ ਸਾਰੀ
ਮਾਂ ਦੀ ਮਮਤਾ ਬੜੀ ਪਿਆਰੀ।।

ਜੋ ਮਾਂ ਬਚਪਨ ਚ ਚੂਰੀਆਂ ਖਵਾਵੇ
ਕਿਉਂ ਤੂੰ ਉਸਨੂੰ ਐਨਾ ਰੁਲਾਵੇਂ।।

ਪੈਸੇ ਪਿੱਛੇ ਫਿਰੇ ਵਿਦੇਸ਼
ਬਦਲ ਗਿਆ ਅੱਜ ਮਾਨਵ ਦਾ ਭੇਸ।।

ਮਾਂ ਦੀ ਮਮਤਾ ਹੈ ਵੱਡੀ ਕਮਾਈ
ਕਮਲ ਨੇ ਮਮਤਾ ਹੀ ਅਪਣਾਈ।।

ਕਮਲਜੀਤ ਨਾਹਰ

ਹਿਤ ਸਰੋਤ

ਖੰਡ-17 ਮਈ-ਜੂਨ 2004 **ਸੰਪਾਦਕ :**

ਅੰਕ -5/6 ਸਲਾਨਾ ਚੰਦਾ 50 ਰੁਪਈਏ **ਬਲਦੇਵ ਸਿੰਘ**

ਦੇਵ ਆਤਮਾ ਦੀ ਪੂਜਾ ਕੀ?

ਦੇਵ ਆਤਮਾ ਦੀ ਪੂਜਾ ਹੈ, ਦੇਵ ਆਤਮਾ ਅੱਗੇ ਝੁਕਣਾ। ਦੇਵ ਆਤਮਾ ਅੱਗੇ ਸਿਰ ਦਾ ਝੁਕਣਾ ਅਤੇ ਹਿਰਦੇ ਦਾ ਝੁਕਣਾ। ਸਿਰ ਦੇ ਝੁਕਣ ਦੀ ਤਾਂ ਮਨੁੱਖ ਨੂੰ ਸਮਝ ਹੈ, ਐਪਰ ਦਿਲ ਦੇ ਝੁਕਣ ਦੀ ਉਸਨੂੰ ਉਹ ਸਮਝ ਨਹੀਂ। ਇਸ ਨੂੰ ਸਮਝੇ ਬਿਨ੍ਹਾਂ ਪੂਜਾ ਦੀ ਸਮਝ ਹੋਣੀ ਮੁਸ਼ਕਲ ਹੈ।

ਦੇਵ ਆਤਮਾ ਦਾ ਸੇਵਕ ਹੋਕੇ, ਦੇਵ ਆਤਮਾ ਦਾ ਬਹੁਤ ਪੁਰਾਣਾ ਤੇ ਉੱਚ ਸ਼੍ਰੇਣੀ ਦਾ ਸੇਵਕ ਹੋਕੇ, ਦੇਵ ਆਤਮਾ ਦਾ ਪਰਚਾਰਕ ਕਰਮਚਾਰੀ ਹੋ ਕੇ, ਦੇਵ ਆਤਮਾ ਦੇ ਮਿਸ਼ਨ ਵਿੱਚ ਸਭਾਵਾਂ ਕਰਾਉਣ ਵਾਲਾ ਹੋ ਕੇ, ਲੇਖ ਲਿਖਣ ਵਾਲਾ ਹੋ ਕੇ, ਮਿਸ਼ਨ ਦੇ ਪ੍ਰਬੰਧ ਦਾ ਉੱਚ ਤੋਂ ਉੱਚ ਪਦਵੀਧਾਰੀ ਹੋ ਕੇ, ਸਾਰੀ ਉਮਰ ਨਿਸ਼ਕਾਮ ਸੇਵਾਕਾਰੀ ਕਰਮਚਾਰੀ ਹੋ ਕੇ ਅਤੇ ਸਾਧਨ-ਸ਼ੀਲ ਹੋ ਕੇ ਵੀ, ਕਿਸੇ ਕਿਸੇ ਨੂੰ ਇਕ ਇਕ ਪਾਪ ਜਾਂ ਮਿੱਥਿਆ ਚੋਂ ਬਚਾਕੇ, ਇਹ ਜਰੂਰੀ ਨਹੀਂ ਕਿ ਉਹ ਦੇਵ ਆਤਮਾ ਦੀ ਪੂਜਾ ਕਰਨ ਵਾਲਾ ਹੋ ਸਕਦਾ ਹੈ। ਅਕਸਰ ਸੂਰਤਾਂ ਵਿੱਚ ਇਕ ਅੱਧਾ ਪ੍ਰਤੀਸ਼ਤ ਨੂੰ ਛੱਡ ਕੇ ਆਮ ਸੇਵਕ ਸਾਰੀ ਉਮਰ ਦੇਵ ਆਤਮਾ ਦੀ ਠੀਕ ਪੂਜਾ ਕਰਨ ਲਈ ਅਸਮਰਥ ਹੀ ਰਹਿੰਦਾ ਹੈ।

ਦੇਵ ਆਤਮਾ ਦੀ ਸੁੰਦਰ ਫੋਟੋ ਨੂੰ ਰੱਖ ਕੇ, ਚੰਗੀ ਤਰ੍ਹਾਂ ਪੂੰਝ ਤੇ ਸਾਫ ਕਰਕੇ, ਫੁਲਾਂ ਨਾਲ ਸਜਾ ਕੇ, ਭਜਨ ਗਾ ਕੇ, ਦੇਵ ਸਤੋਤਰ ਦਾ ਗਾਣ ਕਰਕੇ, ਵਿਆਖਿਆ ਕਰਕੇ, ਪ੍ਰਾਰਥਨਾ ਕਰਕੇ ਹੋਰ ਲੇਖਾਂ ਦਾ ਪਾਠ ਕਰਕੇ ਸਾਧਨ ਕਰਨਾ ਅਤੇ ਦੇਵ ਆਤਮਾ ਦੀ ਸੁੰਦਰ ਫੋਟੋ ਨੂੰ ਬਾਰ ਬਾਰ ਪ੍ਰਣਾਮ ਕਰਨਾ, ਹੋਰ ਗੱਲ ਹੈ ਅਤੇ ਇਹ ਦੇਵ ਆਤਮਾ ਦੀ ਸੱਚੀ ਪੂਜਾ ਕਰਨਾ ਬਿਲਕੁਲ ਹੀ ਨਹੀਂ। ਸੇਵਕ ਲਈ ਉਪਰੋਕਤ ਸਾਧਨ ਕਰਨਾ ਵੀ ਬਹੁਤ ਚੰਗਾ ਤੇ ਜਰੂਰੀ ਤਾਂ ਹੈ, ਪਰ ਏਨੇ ਸਾਧਨ ਨਾਲ ਦੇਵ ਆਤਮਾ ਦੀ ਸਹੀ ਪੂਜਾ ਨਹੀਂ ਹੁੰਦੀ, ਤੇ ਨਾ ਹੀ ਇਹ ਪੂਜਾ ਕੀ ਹੁੰਦੀ ਹੈ? ਇਸ ਮਰਮ ਦਾ ਹੀ ਪਤਾ ਚਲਦਾ ਹੈ।

ਦੇਵ ਆਤਮਾ ਦੀ ਸੱਚੀ ਪਹਿਚਾਣ ਬਿਨਾਂ ਦੇ ਵ ਪੂਜਾ ਦਾ ਸਾਧਨ ਹੋ ਨਹੀਂ ਸਕਦਾ। ਦੇਵ ਆਤਮਾ ਨੇ ਖੁਦ ਫਰਮਾਇਆ ਹੈ, ਕਿ ਮੈਂ ਅਨਾਦਰਤ ਹਾਂ, ਘ੍ਰਿਣਤ ਹਾਂ, ਸੰਤਪਤ ਹਾਂ ਅਤੇ ਪਰਿਤਿਅਕਤ ਹਾਂ। ਉਨ੍ਹਾਂ ਇਹ ਸਚਾਈ ਸੇਵਕਾਂ ਸਮੇਤ ਸਭ ਮਾਨਵ ਵਰਗ ਲਈ ਲਿਖੀ ਹੈ। ਦੇਵ ਆਤਮਾ ਨੇ ਫਰਮਾਇਆ ਹੈ ਕਿ ਮੈਨੂੰ ਇਕ ਵੀ ਜਨ ਅਜਿਹਾ ਮਿਲ ਨਹੀਂ ਸਕਿਆ, ਜੋ ਉਨ੍ਹਾਂ ਦੀ ਹਸਬ ਮਨਸ਼ਾ ਹੁੰਦਾ ਤੇ ਉਨ੍ਹਾਂ ਦੀ ਪੂਰੀ ਤਸੱਲੀ ਯੋਗ ਉਨ੍ਹਾਂ ਦਾ ਕੰਮ ਕਰ ਸਕਦਾ। ਇਹ ਗੱਲ ਦੱਸਦੀ ਹੈ ਕਿ ਦੇਵ ਆਤਮਾ ਨੂੰ ਮਾਨਵਤਾ ਪਹਿਚਾਣ ਹੀ ਨਹੀਂ ਸਕੀ। ਹੋਰ ਗੁਰੂਆਂ, ਪੈਗਬੰਰਾਂ, ਨਬੀਆਂ ਜਾਂ ਦੇਵੀ ਦੇਵਤਿਆਂ ਅਤੇ ਇਸ਼ਟਾਂ ਨੂੰ ਸਮਝਣਾ ਉਨਾ ਮੁਸ਼ਕਲ ਨਹੀਂ ਜਿੰਨਾ ਦੇਵ ਆਤਮਾ ਨੂੰ ਸਮਝਣਾ, ਐਪਰ ਦੇਵ ਆਤਮਾ ਨੂੰ ਸਮਝਣਾ, ਉਨ੍ਹਾਂ ਦੇ ਦੇਵ ਰੂਪ ਨੂੰ ਪਹਿਚਾਣਨਾ ਨਾਮੁਮਕਨ ਨਹੀਂ ਤਾਂ ਅਤੀ ਕਠਨ ਜਰੂਰ ਹੈ। ਉਨ੍ਹਾਂ ਦੇ ਦੇਵ ਰੂਪ ਦੀ ਮਹਾਨਤਾ ਨੂੰ ਦੇਖਣਾ ਅਤੇ ਪਹਿਚਾਣਨਾ ਅਤੀ ਕਠਿਨ ਹੈ। ਇਹ ਦੇਖੇ ਬਿਨਾ ਦੇਵ ਆਤਮਾ ਦੀ ਪੂਜਾ ਨਹੀਂ ਹੋ ਸਕਦੀ।

ਹਿਰਦੇ ਦੀ ਉਪਯੋਗੀ ਅਵੱਸਥਾ :- ਦੇਵ ਆਤਮਾ ਦੀ ਪੂਜਾ ਕਰਨ ਜੋਗ ਹੋਣ ਤੋਂ ਪਹਿਲਾਂ ਮਨੁੱਖੀ ਹਿਰਦੇ ਦੀ ਖਾਸ ਹਾਲਤ ਹੋਣੀ ਚਾਹੀਦੀ ਹੈ। ਉਸ ਦਾ ਹੋਰ ਨੀਚ ਅਨੁਰਾਗਾਂ ਤੋਂ ਛੁੱਟ ਕੁੱਝ ਖਾਸ ਖਾਸ ਨੀਚ ਅਨੁਰਾਗਾਂ ਤੇ ਕਿਸੇ ਹੱਦ ਤੱਕ ਉਚਿਤ ਨਿਯਤੰਰਣ ਹੋਣਾ ਜਰੂਰੀ ਹੈ। ਆਪਣੇ ਪੂਰਵਜਾਂ ਤੋਂ ਪ੍ਰਾਪਤ ਵਿਰਾਸਤ ਦੇ ਸਦਕਾ, ਆਪਣੇ ਨਿੱਜੀ ਸਾਧਨਾਂ ਅਤੇ ਸੰਗਰਾਮ ਦੁਆਰਾ ਅਤੇ ਵਿਸ਼ੇਸ਼ ਉੱਚ ਆਤਮਾਵਾਂ ਦੀ ਸੰਗਤ ਦੀ ਸਹਾਇਤਾ ਦੁਆਰਾ, ਕੁੱਝ ਖਾਸ ਨੀਚ ਅਨੁਰਾਗਾਂ ਦਾ ਉਚਿਤ ਹੱਦ ਤੱਕ ਦਮਨ ਹੋਣਾ ਅਤੀ ਜਰੂਰੀ ਹੈ। ਉਹ ਹਨ (i) ਕਾਮ ਅਨੁਰਾਗ (ii) ਧਨ ਸੰਪਤੀ ਅਤੇ ਪਦਾਰਥ ਅਨੁਰਾਗ (iii) ਮੋਹ ਅਨੁਰਾਗ ਤੇ ਸੰਤਾਨ ਅਨੁਰਾਗ ਅਤੇ ਵਿਸ਼ੇਸ਼ ਕਰ (iv) ਅਹੰ ਅਨੁਰਾਗ। ਉਪ੍ਰੋਕਤ ਨੀਚ ਅਨੁਰਾਗਾਂ ਦੇ ਪ੍ਰਬਲ ਅਧਿਕਾਰ ਨੂੰ ਰੱਖ ਕੇ, ਮਨੁੱਖ ਲਈ ਦੇਵ ਆਤਮਾ ਨਾਲ ਯੋਗ ਕਰਨਾ ਹੀ ਕਠਿਨ ਹੈ, ਉਨ੍ਹਾਂ ਦੀ ਜੋਤੀ ਤੱਕ ਰਸਾਈ ਹੀ ਮੁਸ਼ਕਲ ਹੈ।

ਅਹੰ ਅਨੁਰਾਗ ਦਾ ਕਿਸੇ ਅੰਸ਼ ਬੋਧ ਪ੍ਰਾਪਤ ਕਰੇ ਬਿਨਾਂ ਕਿਸੇ ਸਾਧਕ ਸੇਵਕ ਦਾ ਦੇਵ ਆਤਮਾ ਤੱਕ ਜਾਂ ਉਨ੍ਹਾਂ ਦੇ ਦੇਵ ਰੂਪ ਤੱਕ ਪੁੱਜਣਾ, ਉਨ੍ਹਾਂ ਦੇ ਅਮੁੱਲ ਦੇਵ ਪ੍ਰਭਾਵਾਂ, ਦੇਵ ਜੋਤੀ ਤੱਕ ਕਿਸੇ ਅੰਸ਼ ਸਥਾਈ ਰਸਾਈ ਹਾਸਲ ਕਰਨਾ, ਨਾਮੁਮਕਨ ਹੈ। ਹੋਰ ਨੀਚ ਅਨੁਰਾਗਾਂ ਸਮੇਤ ਮਨੁੱਖ ਨੂੰ ਆਪਣੇ ਅਹੰ ਅਨੁਰਾਗ ਦਾ ਬੋਧ ਪਾਉਣਾ ਅਤੇ ਉਸ ਨੂੰ ਉਚਿੱਤ ਸੀਮਾ ਤੱਕ ਦਮਨ ਕਰਨ ਦੇ ਯੋਗ ਹੋਣਾ, ਦੇਵ ਆਤਮਾ ਦੇ ਦੇਵ ਰੂਪ ਤੱਕ ਰਸਾਈ ਪਾਉਣ ਦੇ ਲਈ ਅਤੀਅੰਤ ਜਰੂਰੀ ਹੈ।

ਅਹੰ ਦਾ ਅਨੁਰਾਗ ਮਾਨਵ ਸਮਾਜ ਵਿੱਚ ਸਰਵ ਵਿਆਪੀ ਹੈ। ਇਸ ਦਾ ਹਰ ਮਨੁੱਖ ਵਾਰਸ ਹੈ। ਜਿਸ ਪ੍ਰਕਾਰ ਹਰ ਇਕ ਠੁੰਹੇ ਜਾਂ ਬਿੱਛੂ ਦੇ ਡੰਗ ਲੱਗਿਆ ਹੁੰਦਾ ਹੈ, ਉਸੇ ਪ੍ਰਕਾਰ ਹਰ ਇਕ ਮਨੁੱਖ ਦੇ ਅਹੰ ਦਾ ਡੰਗ ਲੱਗਿਆ ਹੁੰਦਾ ਹੈ। ਇਸ ਡੰਗ ਦੀ ਉੱਚਿਤ ਸੋਝੀ ਪਾਏ ਬਿਨਾ, ਉੱਚ ਸਾਧਨਾਂ ਲਈ ਹਿਰਦੇ ਦੀ ਹਾਲਤ ਉਪਯੋਗੀ ਨਹੀਂ ਹੋ ਸਕਦੀ। ਹਰ ਮਨੁੱਖ ਘਮੰਡੀ ਹੈ, ਨੀਚ ਘ੍ਰਿਣਾਂਕਾਰੀ ਹੈ, ਸੁਆਰਥੀ ਹੈ, ਤੇ ਮਨ ਮੁੱਖ ਹੈ। ਆਪਣੇ ਘਮੰਡ ਦੇ ਸਾਖਿਆਤ ਦਰਸ਼ਨ ਪਾਏ ਬਿਨਾ, ਆਪਣੀ ਨੀਚ ਘ੍ਰਿਣਾ ਨੂੰ ਸਾਖਿਆਤ ਦੇਖੇ ਬਿਨਾ ਆਪਣੇ ਸਵਾਰਥ ਤੇ ਮਨਮੁਖਤਾ ਨੂੰ ਸਾਖਿਆਤ ਪ੍ਰਕਿਰਤ ਰੂਪ ਵਿੱਚ ਆਪਣੇ ਸਾਧਨਾਂ ਅਤੇ ਉੱਚ ਸੰਗਤ ਦੀ ਸਹਾਇਤਾ ਨਾਲ ਦੇਖੇ ਬਿਨਾ, ਉਕਤ ਹਿਰਦੇ ਦੀ ਉਪਯੋਗੀ ਹਾਲਤ ਨੂੰ ਪ੍ਰਾਪਤ ਨਹੀਂ ਕੀਤਾ ਜਾਂ ਸਕਦਾ।

ਜੋ ਮਨੁੱਖ, ਆਪਣੇ ਘਮੰਡ ਦਾ ਬੋਧ ਨਹੀਂ ਪਾਉਂਦਾ, ਆਪਣੀਆਂ ਘੁਮੰਡ ਮੂਲਕ, ਨੀਚ ਘ੍ਰਿਨਾਂ ਮੂਲਕ, ਮਹਾਂ ਸਵਾਰਥ ਮੂਲਕ ਤੇ ਮਨਮੁਖਤਾ ਮੂਲਕ, ਮਹਾਂ ਹਾਨੀਕਾਰਕ ਨੀਚ ਗਤੀਆਂ ਨੂੰ ਪ੍ਰਕਿਰਤ ਰੂਪ ਵਿਚ ਦੇਖ ਨਹੀਂ ਸਕਦਾ ਅਤੇ ਉਨ੍ਹਾਂ ਗਤੀਆਂ ਦਾ ਬਾਰ ਬਾਰ ਉਚਿੱਤ ਪਰਿਸ਼ੋਧ ਨਹੀਂ ਕਰ ਸਕਦਾ, ਉਹ ਜਨ ਹਿਰਦੇ ਦੀ ਉਪਯੋਗੀ ਅਵਸਥਾ ਨੂੰ ਪ੍ਰਾਪਤ ਨਹੀਂ ਹੋ ਸਕਦਾ। ਉਸ ਦੀ ਦੇਵ ਰੂਪ ਤੱਕ ਰਸਾਈ ਅਸੰਭਵ ਹੈ।

ਜੋ ਜਨ ਆਪਣੀ ਨੀਚਤਾ ਨੂੰ ਸਦਾ ਸਦਾ ਬਾਰ ਬਾਰ ਦੇਖ ਨਹੀਂ ਸਕਦਾ, ਜੋ ਜਨ ਆਪਣੀ ਨੀਚਤਾ ਤੇ ਬਾਰ ਬਾਰ ਅਤੇ ਸਦਾ ਸਦਾ ਰੋ ਨਹੀਂ ਸਕਦਾ, ਉਹ ਦੇਵ ਰੂਪ ਤੱਕ ਕੋਈ ਰਸਾਈ ਪ੍ਰਾਪਤ ਨਹੀਂ ਕਰ ਸਕਦਾ। ਜਿਸ ਸੁਭਾਗਵਾਨ ਜਨ ਨੂੰ, ਜਿਸ ਹੱਦ ਤਕ, ਆਪਣੀ ਨੀਚਤਾ ਬਾਰ ਬਾਰ ਦਿਖਾਈ ਦਿੰਦੀ ਹੈ, ਉਸ ਨੂੰ ਰੁਲਾਉਂਦੀ ਰਹਿੰਦੀ ਹੈ, ਉਹ ਉਨਾ ਹੀ ਅਧਿਕਾਰੀ ਹੈ।

ਘਮੰਡ ਨੂੰ, ਨੀਚ ਘ੍ਰਿਨਾ ਨੂੰ ਈਰਖਾ ਨੂੰ, ਦਵੇਸ਼ ਭਾਵਨਾ ਨੂੰ ਪ੍ਰਬਲ ਰੂਪ ਵਿੱਚ ਰੱਖ ਕੇ ਕੋਈ ਮਨੁੱਖ ਕਿਸੇ ਅੰਸ਼ ਵੀ ਸਥਾਈ ਰੂਪ ਵਿੱਚ ਦੇਵ ਆਤਮਾ ਦੀ ਲਾਸਾਨੀ ਜੋਤੀ ਤੱਕ ਰਸਾਈ ਨਹੀਂ ਹਾਸਲ ਕਰ ਸਕਦਾ। ਉਸ ਲਈ ਦੇਵ ਆਤਮਾ ਦੀ ਸ਼ਰਣ ਦੇ ਮਹਾਂ ਸੁਭਾਗ ਨੂੰ ਪਾ ਕੇ ਵੀ ਉੱਚ ਬਰਕਤਾਂ ਤੇ ਉੱਚ ਜੀਵਨ ਦੇ ਭੰਡਾਰ ਦੇ ਦਰਵਾਜੇ ਸਦਾ ਬੰਦ ਰਹਿੰਦੇ ਹਨ। ਉਹ ਜਨ ਜੀਵਨ ਦੀ ਬਾਜੀ ਹਾਰਕੇ, ਖਾਲੀ ਹੱਥ ਇਸ ਸੰਸਾਰ ਤੋਂ ਜਾਣ ਲਈ ਬੇ-ਬਸ ਹੈ।

ਅਹੰ ਸਬੰਧੀ ਮਾਨ ਸਨਮਾਨ (Name Fame) ਦੇ ਭਰਸਕ ਅਨੁਰਾਗੀ, ਪਦ ਪ੍ਰਭੂਤਵ ਤੇ ਸੱਤਾ ਦੇ ਦਾਸ, ਤਾਰੀਫ ਵਾਹ ਵਾਹ ਦੇ ਭੁੱਖੇ, ਜਨਾਂ ਲਈ ਉੱਚ ਜੀਵਨ ਦੇ ਖਜ਼ਾਨੇ ਸਦਾ ਲਈ ਬੰਦ ਰਹਿੰਦੇ ਹਨ। ਜੋ ਉਪਰੋਕਤ ਮਹਾਂ ਰੋਗਾਂ ਦਾ ਕਿਸੇ ਅੰਸ਼ ਬੋਧੀ ਨਹੀਂ ਹੋ ਸਕਦਾ, ਅਤੇ ਉਨ੍ਹਾਂ ਤੇ ਉਚਿੱਤ ਹਦ ਤੱਕ ਨਿਯੰਤਰਣ ਨਹੀਂ ਪਾ ਸਕਦਾ, ਉਸ ਲਈ ਅਦੁੱਤੀ ਆਵਰਭਾਵ ਦੇਵ ਆਤਮਾ ਦੀ ਸ਼ਰਨ ਪ੍ਰਾਪਤੀ ਦਾ ਮਹਾਂ ਸੁਭਾਗ ਵੀ ਨਿਰਾਰਥਕ ਹੀ ਹੋ ਕੇ ਰਹਿ ਜਾਂਦਾ ਹੈ।

ਜੋ ਜਨ ਆਪਣੇ ਦੁਸ਼ਮਣਾਂ, ਦੋਖੀਆਂ, ਅਪਮਾਨ ਕਰਤਾਵਾਂ, ਨੂੰ ਘ੍ਰਿਣਾ ਕਰਦਾ ਹੈ, ਉਨ੍ਹਾਂ ਦਾ ਅਸ਼ੁਭ ਚਾਹੁੰਦਾ ਹੈ, ਉਨ੍ਹਾਂ ਲਈ ਸ਼ੁਭ ਕਾਮਨਾ ਨਹੀਂ ਕਰ ਸਕਦਾ, ਉਨ੍ਹਾਂ ਦੇ ਭਲੇ ਦੀ ਕੋਈ ਸੋਚ ਨਹੀਂ ਸਕਦਾ ਉਨ੍ਹਾਂ ਨੂੰ ਮਿਲ ਜੁਲ ਕੇ ਉਨ੍ਹਾਂ ਦੇ ਭਲੇ ਦਾ ਜਤਨ ਨਹੀਂ ਕਰ ਸਕਦਾ, ਉਨ੍ਹਾਂ ਤੋਂ ਫਟਿਆ ਰਹਿੰਦਾ ਹੈ, ਦੂਰ ਦੂਰ ਰਹਿੰਦਾ ਹੈ। ਉਹ ਜਨ ਵੀ ਦੇਵ ਆਤਮਾ ਦੀ ਪੂਜਾ ਨਹੀਂ ਕਰ ਸਕਦਾ। ਅੱਠ ਪਾਪ ਤਿਆਗੀ, ਮੋਟੀ ਮਿੱਥਿਆ ਦੇ ਤਿਆਗੀ, ਨਿਸਵਾਰਥ ਦੇਵ ਆਤਮਾ ਦੇ ਕਾਰਜ ਨੂੰ, ਕਿਸੇ ਅੰਸ਼ ਸੁਫਲਤਾ ਨਾਲ ਕਰਨ ਵਾਲਿਆਂ ਨੂੰ ਵੀ ਜੋ ਘ੍ਰਿਣਾ ਕਰਦਾ ਹੈ, ਈਰਖਾ ਕਰਦਾ ਹੈ, ਉਨ੍ਹਾਂ ਨੂੰ ਸ਼ਤਰੂ ਸਮਝਦਾ ਤੇ ਦੱਸਦਾ ਹੈ, ਉਹ ਨਾ ਦੇਵ ਆਤਮਾ ਦਾ ਹੋ ਸਕਦਾ ਹੈ, ਅਤੇ ਨਾਂ ਹੀ ਉਨ੍ਹਾਂ ਦੀ ਪੂਜਾ ਕਰ ਸਕਦਾ ਹੈ। ਜਿਸ ਜਨ ਦਾ ਹਿਰਦੇ ਕਿਸੇ ਦੇ ਸਬੰਧ ਵਿਚ (ਦੁਸ਼ਮਣਾਂ ਸਮੇਤ) ਨੀਚ ਘ੍ਰਿਣਾਂ, ਈਰਖਾ ਦਵੇਸ਼ ਨਾਲ ਬਾਰ ਬਾਰ ਸੁਲਗਦਾ ਰਹਿੰਦਾ ਹੈ, ਉਹ ਜਨ ਦੇਵ ਆਤਮਾ ਦੀ ਕਤਈ ਕੋਈ ਪੂਜਾ ਨਹੀਂ ਕਰ ਸਕਦਾ। ਇਸ ਸਬੰਧ ਵਿਚ ਪਰਮ ਪੂਜਨੀਕ ਦੇਵ ਆਤਮਾ ਜੀ ਨੇ ਇਸ ਪ੍ਰਕਾਰ ਫਰਮਾਇਆ ਹੈ :-

"ਜਿਨ੍ਹਾਂ ਮਨੁਖੀ ਆਤਮਾਵਾਂ ਵਿੱਚ ਉਨ੍ਹਾਂ ਦਾ ਮਹਾਂ ਪਤਨਕਾਰੀ ਅਹੰ ਅਨੁਰਾਗ ਏਨਾ ਵਧੇਰੇ ਹੋਵੇ .....ਉਹ ਦੇਵ ਆਤਮਾ ਦੇ ਦੇਵ ਪ੍ਰਭਾਵਾਂ ਨੂੰ ਪਾਉਣ ਦੇ ਅਧਿਕਾਰੀ ਨਹੀਂ।"

ਦੇਵ ਆਤਮਾ ਦੇ ਅਤੀ-ਸ਼ੈ-ਮਹਾਨ ਸੁੰਦਰ ਅਤੇ ਪਰਮ ਹਿੱਤਕਰ, ਦੇਵ ਰੂਪ ਦੀ ਅਤੀ-ਸ਼ੈ-ਰੌਸ਼ਨ ਅਤੇ ਅਤੀ ਸ਼ੈ ਮਹਾਨ, ਸਾਧਕ ਦੇ ਹਿਰਦੇ ਅੰਦਰ ਝਲਕ ਨਜ਼ਰ ਆਉਣੀ ਅਤੀ ਜਰੂਰੀ ਹੈ। ਇਸ ਦੇ ਬਿਨਾਂ ਕੋਈ ਦੇਵ ਆਤਮਾ ਦੀ ਪੂਜਾ ਨਹੀਂ ਹੋ ਸਕਦੀ। ਕੋਈ ਸਥਾਈ ਦੇਵ ਪ੍ਰਭਾਵਾਂ ਦੀ ਪ੍ਰਾਪਤੀ ਨਹੀਂ ਹੋ ਸਕਦੀ।

ਦੇਵ ਆਤਮਾ ਦੇ ਅਤੀ ਸ਼ੈ ਮਹਾਨ ਦੇਵ ਰੂਪ ਦੇ ਮੋਟੇ ਮੋਟੇ ਅੰਗ ਇਸ ਪ੍ਰਕਾਰ ਹਨ। ਇਨ੍ਹਾਂ ਖਾਸ ਅੰਗਾ ਚੋਂ ਕਿਸੇ ਕਿਸੇ ਦੀ ਜਾਂ ਸਭ ਦੀ ਸੁੰਦਰ ਝਲਕ ਦੇ ਬਾਰ ਬਾਰ ਨਜ਼ਰ ਆਏ ਬਿਨ੍ਹਾਂ ਜਾਂ ਹਿਰਦੇ ਵਿੱਚ ਚਮਕੇ ਬਿਨ੍ਹਾਂ, ਕੋਈ ਸੱਚੀ ਦੇਵ ਪੂਜਾ ਦਾ ਸਾਧਨ ਨਹੀਂ ਹੋ ਸਕਦਾ।

1. ਹਿੱਤ ਦਾ ਪੂਰਨ ਅਨੁਰਾਗ 2. ਅਹਿੱਤ, ਪਾਪ, ਬੁਰਾਈ ਪ੍ਰਤੀ ਪੂਰਨ ਸ਼ਤੁਰਤਾ 3. ਸੱਤਿ ਦਾ ਪੂਰਨ ਅਨੁਰਾਗ 4. ਝੂਠ, ਮਿੱਥਿਆ ਕੂੜ ਤੇ ਛਲ-ਕਪਟ ਪ੍ਰਤੀ ਪੂਰਨ ਸ਼ਤੁਰਤਾ 5. ਦੇਵ ਧਰਮ ਪ੍ਰਵਰਤਕ 6. ਸਰਵ ਹਿੱਤ ਸੰਪਾਦਕ 7. ਦੇਵ ਜੋਤੀ ਦੇ ਸੂਰਜ 8. ਦੇਵ ਤੇਜ ਦੇ ਸੂਰਜ 9. ਸਤਿ ਧਰਮ ਦੇ ਸਿਖਿਅਕ 10. ਪਾਪੀ ਜਨ ਤਰਾਤਾ 11. ਪੂਰਨ ਹਿੱਤ ਵਿਧਾਤਾ 12. ਆਤਮ ਰੂਪ ਦਰਸ਼ਾਤਾ 13. ਆਤਮ ਬੋਧ ਪ੍ਰਦਾਤਾ 14. ਸਤਿ ਮੋਖਸ਼ ਦਾਤਾ 15. ਸਤਿ ਵਿਕਾਸ ਕਰਤਾ 16. ਸਤਿ ਉਪਾਸ ਰੂਪ

ਏਸੇ ਵਿਸ਼ੇ ਵਿੱਚ ਪਰਮ ਪੂਜਨੀਕ ਭਗਵਾਨ ਦੇਵ ਆਤਮਾ ਨੇ ਫਰਮਾਇਆ ਹੈ :-

"ਜੋ ਆਤਮਾ ਹੋਰ ਅਧਿਕਾਰੀ ਜਨਾਂ ਦੇ ਨਾਲੋਂ ਵੀ ਦੇਵ ਆਤਮਾ ਦੇ ਦੇਵ ਪ੍ਰਭਾਵਾਂ ਦੇ ਲਾਭ ਕਰਨ ਦੀ ਹੋਰ ਵਧੇਰੇ ਯੋਗਤਾ ਰੱਖਦੇ ਹੋਣ; ਅਰਥਾਤ, ਉਹ ਆਪਣੇ ਆਤਮਾ ਵਿੱਚ ਦੇਵ ਆਤਮਾ ਦੇ ਪੂਰਨਾਂਗ ਹਿੱਤ ਸਰੂਪ ਦੀ ਕੋਈ ਝਲਕ ਉਪਲਭਧ ਅਤੇ ਉਸਦੇ ਪ੍ਰਤੀ ਆਪਣੇ ਅੰਦਰ ਕੁਝ ਆਕਰਸ਼ਨ ਵੀ ਅਨੁਭ ਕਰ ਸਕਦੇ ਹੋਣ....."

ਸੋ ਅਤੀ ਸ਼ੈ ਮਹਾਨ ਅਤੇ ਅਤੀ ਸ਼ੈ ਰੋਸ਼ਨ ਦੇਵ ਰੂਪ ਦੀ ਆਕਰਸ਼ਣੀ ਝਲਕ, ਦੇਵ ਆਤਮਾ ਦੀ ਪੂਜਾ ਦੇ ਸਾਧਨ ਕਰਨ ਲਈ ਅਤੀ ਜਰੂਰੀ ਹੈ। ਉਪਰੋਕਤ ਜੋ ਮਹਾਨ ਤੇ ਅਤੀ ਵਿਸ਼ਾਲ ਦੇਵ ਰੂਪ ਦੇ ਮੋਟੇ ਅੰਗ ਲਿਖੇ ਹਨ ਉਨ੍ਹਾਂ ਦੀ ਮੋਹਣੀ ਝਲਕ ਅਤੇ ਸੁੰਦਰ ਚਮਕ ਅਤੇ ਲਸ਼ਕ, ਪੂਜਾ ਕਰਨ ਵਾਲੇ ਨੂੰ ਜਰੂਰੀ ਨਜ਼ਰ ਆਉਣੀ ਚਾਹੀਦੀ ਹੈ। ਇਸ ਬਿਨਾਂ ਕੋਈ ਪੂਜਾ ਨਹੀਂ ਹੋ ਸਕਦੀ, ਦੇਵ ਆਤਮਾ ਦੇ ਦੇਵਰੂਪ ਅੱਗੇ ਕੋਈ ਹਿਰਦੇ ਦਾ ਸੱਚਾ ਝੁਕਣ ਨਹੀਂ ਹੋ ਸਕਦਾ। ਹਿੱਤ ਅਨੁਰਾਗੀ ਦਾ ਹਿਤ ਸਰੂਪ ਹੋਣਾ, ਹਿਤ ਮੂਰਤ ਹੋਣਾ, ਹਿੱਤ ਸਰੋਤ ਹੋਣਾ, ਹਿੱਤ ਨਿਸਾਰ ਹੋਣਾ, ਰੋਸ਼ਨ ਰੂਪ ਵਿੱਚ ਚਮਕਣਾ ਚਾਹੀਦਾ ਹੈ, ਇਸ ਦੀ ਮਹਾਨਤਾ ਸਾਰੇ ਜੱਗ ਤੋਂ ਨਿਰਾਲੀ ਤੇ ਅਦੁਤੀ ਦਿਖਣੀ ਚਾਹੀਦੀ ਹੈ। ਪਾਪ, ਪਸ਼ਾਚਤ, ਨੀਚਤਾ ਸਭ ਪ੍ਰਕਾਰ ਦੀ ਦੁਸ਼ਟਤਾ ਦਾ ਪੂਰਨ ਵੈਰਾਗੀ, ਵਿਰੋਧੀ, ਵੈਰੀ, ਵਿਕਰਸ਼ਣ ਰੱਖਣ ਵਾਲਾ, ਪਾਪ ਪ੍ਰਤੀ ਪੂਰਨ ਘ੍ਰਿਣਾ ਰੱਖਣ ਵਾਲਾ, ਪਾਪ ਦਾ ਅਦੁੱਤੀ ਸ਼ਤਰੂ, ਪਾਪ ਦਾ ਨਾਸ਼ ਕਰਤਾ, ਸਭ ਪ੍ਰਕਾਰ ਦੇ ਪਾਪ ਤੋਂ ਮੁਕਤ ਕਰਤਾ, ਅਲੌਕਿਕ, ਨਿਰਾਲਾ ਯਕਤਾ ਤੇ ਮਹਾਂ ਰੋਸ਼ਨ ਰੂਪ ਨਜ਼ਰ ਆਉਣਾ ਜਰੂਰੀ ਹੈ। ਇਸ ਮਹਾਨਤਾ ਦੇ ਅਨੁਭਵ ਬਿਨਾਂ ਕੋਈ ਪੂਜਾ ਨਹੀਂ ਹੋ ਸਕਦੀ।

ਉਪਰੋਕਤ ਦੇਵ ਆਤਮਾ ਦੇ ਮਹਾਨ ਦੇਵ ਰੂਪ ਦੀ ਕਿਸੇ ਮੋਹਨੀ ਝਲਕ ਦੇ ਨਜ਼ਰ ਆਏ ਬਿਨਾਂ, ਦੇਵ ਆਤਮਾ ਦੇ ਪ੍ਰਤੀ ਕੋਈ ਸੱਚਾ ਸਨਮਾਨ ਹੀ ਪੈਦਾ ਨਹੀਂ ਹੋ ਸਕਦਾ ਅਤੇ ਨਾ ਸਾਧਕ ਇਸ ਸਨਮਾਨ ਨੂੰ ਵਾਸਤਵਿਕ ਰੂਪ ਵਿੱਚ ਪਰਦਰਸ਼ਨ ਹੀ ਕਰ ਸਕਦਾ ਹੈ ਅਤੇ ਨਾ ਹੀ ਸੱਚੇ ਰੂਪ ਵਿਚ ਝੁਕ ਸਕਦਾ ਹੈ ਅਤੇ ਨਾ ਪੂਜਾ ਹੋ ਸਕਦੀ ਹੈ।

ਜੱਦ ਤਕ ਦੇਵ ਰੂਪ ਦੀ ਮੋਹਣੀ ਝਲਕ ਦੇ ਸਾਹਮਣੇ ਚਮਕਣ ਨਾਲ ਹਿਰਦੇ ਵਿਨੀਤ ਭਾਵ ਨਾਲ ਭਰਦਾ ਨਹੀਂ, ਸਿਰ ਧਰਤੀ ਤੇ ਗੁਰੂ ਚਰਨਾਂ ਵਿਚ ਟਿਕਦਾ ਨਹੀ, ਹਿਰਦੇ ਉੱਚ ਉਛਵਾਸ ਨਾਲ, ਉੱਚ ਰਸ ਨਾਲ ਆਪਣੇ ਮਹਾਂ ਸੁਭਾਗ ਨਾਲ ਭਰਦਾ ਨਹੀਂ, ਅੱਖਾਂ ਪਾਕ ਆਂਸੂਆਂ ਨਾਲ ਡੁਬਡਬਾਦੀਆਂ ਨਹੀਂ, ਤੱਦ ਤੱਕ ਨਾ ਦੇਵ ਰੂਪ ਸੱਚੇ ਅਰਥਾਂ ਵਿੱਚ ਸਾਹਮਣੇ ਆਉਂਦਾ ਹੈ, ਨਾ ਹਿਰਦੇ ਹੀ ਸਰਸ ਹੁੰਦਾ ਹੈ ਅਤੇ ਨਾ ਕੋਈ ਪੂਜਾ ਹੀ ਹੁੰਦੀ ਹੈ।

ਇਸ ਪੂਜਾ ਦੇ ਨਿਮਨ ਲਿਖਤ ਲੱਛਣ ਜਰੂਰੀ ਹਨ।

1. ਦੇਵ ਆਤਮਾ ਦੇ ਦੇਵ ਰੂਪ ਦੀ ਅਤੀ ਸ਼ੈ ਸੁੰਦਰ ਮੋਹਨੀ ਤੇ ਅਦੁੱਤੀ ਝਲਕ ਦਾ ਚਮਕਣਾ।
2. ਉਸ ਮੋਹਨੀ ਝਲਕ ਅੱਗੇ ਸਾਧਕ ਦਾ, ਦੇਵ ਚਰਨਾਂ ਵਿੱਚ ਦੇਰ ਤੱਕ ਸੀਸ ਦਾ ਟਿਕਣਾ, ਬਾਰ ਬਾਰ ਸੀਸ ਦਾ ਟਿਕਣਾ, ਇਸ ਹਾਲਤ ਵਿੱਚ ਟਿੱਕੇ ਰਹਿਣ ਨੂੰ ਦਿਲ ਦਾ ਕਰਦੇ ਰਹਿਣਾ। ਇਕ ਇਕ ਵੇਰ ਸਿਰ ਟਿਕਾਈ ਹਾਲਤ ਵਿੱਚ ਪਏ ਰਹਿਣ ਨਾਲ, ਸਮਾਂ ਬੀਤਣ ਤੱਕ ਦੀ ਸੁੱਧ ਨਾ ਰਹਿਣਾ।
3. ਅੱਖਾਂ ਦਾ ਪਾਕ ਹੰਝੂਆਂ ਨਾਲ ਭਰਨਾ।
4. ਹਿਰਦੇ ਦਾ ਉੱਚ ਰਸ ਤੇ ਸਰੂਰ ਨਾਲ ਭਰਨਾ ਗਦ ਗਦ ਹੋਣਾ। ਉੱਚ ਸੁਭਾਗ ਤੇ ਉਛਵਾਸ ਨਾਲ ਭਰਨਾ।
5. ਬੇਬਸ ਅਜਿਹੇ ਵਾਕਾਂ ਦੇ ਉਚਾਰਨ ਲਈ ਦਿਲ ਦਾ ਉਛਲਣਾ ਤੇ ਨੱਚਣਾ

(i) ਤੁਸੀਂ ਧੰਨ ਹੋ ਤੁਸੀਂ ਧੰਨ ਹੋ।

(ii) ਲਾਸਾਨੀ ਗੁਰੂ, ਲਾਸਾਨੀ ਗੁਰੂ

(iii) ਜੈ ਦੇਵ ਗੁਰੂ, ਸ਼੍ਰੀ ਦੇਵ ਗੁਰੂ

(iv) ਦੇਵ ਗੁਰਮ ਨਿਮੋਂ ਨਿਮੋਂ,

(v) ਐਸੇ ਦੇਵ ਕਹਾਂ ਹੈ

6. ਆਪਣੇ ਪਰਕਿਰਤ ਰੂਪ ਦੇ ਕਿਸੇ ਅੰਸ਼ ਦਰਸ਼ਣ ਹੋਣੇ। ਦੇਵ ਆਤਮਾ ਦੀ ਜੋਤੀ ਅੰਦਰ ਦੇਵ ਰੂਪ ਦੀ ਅਤੀ ਸ਼ੈ ਮਹਾਨ ਝਲਕ ਦੇ ਨਾਲ ਨਾਲ ਸਾਧਕ ਦਾ ਆਪਣੇ ਪ੍ਰਕ੍ਰਿਤ ਤੇ ਨੀਚ ਰੂਪ ਨੂੰ ਵੀ ਦੇਖਣਾ, ਉਪਲਭਧ ਕਰਨਾ, ਅਤੇ

ਆਪਣੀ ਨੀਚਤਾ ਪ੍ਰਤੀ ਬਾਰ ਬਾਰ ਗਹਿਰਾ ਦੁੱਖ ਮਹਿਸੂਸ ਕਰਨਾ ਜਰੂਰੀ ਹੈ।

ਸਾਧਕ ਨੂੰ ਆਪਣਾ ਮਨੁੱਖ ਰੂਪ ਪ੍ਰਕ੍ਰਿਤ ਰੂਪ ਵਿੱਚ ਦਿਖਾਈ ਦੇਂਦਾ ਹੈ। ਉਸਨੂੰ ਆਪਣਾ ਆਪ ਅਦਨਾ, ਨੀਚ, ਦੁਸ਼ਟ, ਮਹਾਂ ਪਸ਼ਾਚ, ਮਹਾਂ ਮਲੀਨ, ਮਹਾਂ ਅਪਰਾਧੀ, ਅਸ਼ਿਸ਼ਟ ਅਸ਼ਲੀਲ, ਧੂਰਤ ਤੇ ਭ੍ਰਸ਼ਟ ਰੂਪ ਬਾਰ ਬਾਰ ਦਖਾਈ ਦਿੰਦਾ ਹੈ। ਉਸਦਾ ਹਿਰਦੇ ਆਪਣੇ ਆਪ ਨੂੰ ਵੇਖ ਕੇ ਆਪਣੇ ਸੱਚੇ ਸ਼ੋਕ ਨਾਲ ਤੇ ਦੁਖ ਨਾਲ ਭਰਦਾ ਹੈ। ਆਪਣਾ ਆਪ ਘ੍ਰਿਣਤ, ਮੂੰਹ ਕਾਲਾ ਕੀਤੇ ਜਾਣ ਦੇ ਲਾਇਕ, ਜੁੱਤੇ ਮਾਰੇ ਜਾਣ ਦੇ ਲਾਇਕ, ਕੜੀ ਤੋਂ ਕੜੀ ਸਜ਼ਾ ਦੇ ਲਾਇਕ ਮਹਿਸੂਸ ਹੁੰਦਾ ਹੈ। ਆਪਣਾ ਆਪ ਆਤਮਕ ਕੋਹੜੀ ਵਖਾਈ ਦਿੰਦਾ ਹੈ। ਆਪਣਾ ਆਪ ਉਸ ਦੇਵ ਰੂਪ ਦਾ ਆਸ਼ਰਤ ਤੇ ਪੂਰਨ ਮੁਹਤਾਜ ਤੇ ਪੂਰਨ ਨਿਰਭਰ ਮਹਿਸੂਸ ਹੁੰਦਾ ਹੈ।

ਜਿੰਨੀ ਦੇਵ ਆਤਮਾ ਦੀ ਸਤਿ ਮਹਿਮਾ ਦਖਾਈ ਦਿੰਦੀ ਹੈ, ਉਨੀ ਅਪਣੀ ਤੁੱਛਤਾ ਤੇ ਨੀਚਤਾ ਦਿਖਾਈ ਦਿੰਦੀ ਹੈ।

ਦੇਵ ਆਤਮਾ ਦਾ ਚਾਰੇ ਜਗਤਾਂ ਦਾ ਹਿੱਤ-ਅਨੁਰਾਗੀ ਰੂਪ ਦਖਾਈ ਦਿੰਦਾ ਹੈ, ਆਪਣਾ ਆਪ ਆਪਣੇ ਹੀ ਹਿੱਤ ਤੋਂ ਅੰਨ੍ਹਾ ਅਤੇ ਆਪਣੇ ਹੀ ਹਿੱਤ ਦਾ ਵੈਰੀ ਦਿਖਾਈ ਦਿੰਦਾ ਹੈ।

ਜੇ ਮਨੁੱਖ ਦਾ ਧਿਆਨ ਆਪਣੀ ਨੀਚਤਾ ਵਲ ਨਹੀਂ ਜਾਂਦਾ, ਉਸ ਨੂੰ ਆਪਣੀ ਨੀਚਤਾ ਅਖ਼ਰਦੀ ਨਹੀਂ, ਦੁਖੀ ਨਹੀਂ ਕਰਦੀ, ਜਾਂ ਸਤਾਉਂਦੀ ਨਹੀਂ, ਤਾਂ ਕੋਈ ਸੱਚਾ ਸਾਧਨ ਨਹੀਂ ਹੋਇਆ ਪੂਜਾ ਨਹੀਂ ਹੋਈ।

ਦੇਵਆਤਮਾ ਦੀ ਪੂਜਾ ਦੁਆਰਾ ਨੀਚ ਜੀਵਨ ਕੱਟਣਾ ਸ਼ੁਰੂ ਹੋਣਾ ਵੀ ਜਰੂਰੀ ਹੈ। ਉਸ ਦਾ ਅਹਿਸਾਸ ਹੋਣਾ ਜਰੂਰੀ ਹੈ। ਖਾਸ ਕਰ ਘਮੰਡ ਨੀਚ-ਘ੍ਰਿਣਾ, ਈਰਸ਼ਾ, ਦਵੇਸ਼ ਸਵਾਰਥ ਤੇ ਸਵੈ ਇੱਛਾ-ਚਾਰਤਾ ਦਾ ਘੱਟਦੇ ਜਾਣਾ ਜਰੂਰੀ ਹੈ।

"ਜੋ ਜਨ ਦੇਵ ਆਤਮਾ ਦੀ ਪੂਜਾ ਕਰਨ ਦੇ ਇਛੁਕ ਹੋਣ, ਅਤੇ ਇਛੁਕ ਹੋਕੇ, ਉਨਾਂ ਦੀ ਸੱਚੀ ਆਤਮਕ ਪੂਜਾ ਕਰਨ ਦੇ ਜੋਗ ਬਣ ਗਏ ਹੋਣ; ਅਤੇ ਉਹ ਇਸ ਸੱਚੀ ਆਤਮਕ ਪੂਜਾ ਦੇ ਸਾਧਨ ਨੂੰ ਪ੍ਰਤੀ ਦਿਨ ਨਿਸ਼ਠਾ ਪੂਰਵਕ ਪੂਰਾ ਅਤੇ ਉਸ ਦੇ ਸੱਚੇ ਫਲਾਂ ਨੂੰ ਆਪਣੇ ਦੈਨਿਕ ਜੀਵਨ ਦੁਆਰਾ ਪਰਦਰਸ਼ਨ ਕਰ ਸਕਦੇ ਹੋਣ" ਉਹ ਹੀ ਦੇਵ ਆਤਮਾ ਦੀ ਸੱਚੀ ਪੂਜਾ ਕਰ ਸਕਦੇ ਹਨ।

ਗੁਰੂ ਮਹਾਰਾਜ ਫਰਮਾਉਂਦੇ ਹਨ :-

"ਜਦ ਤੱਕ ਤੁਹਾਨੂੰ ਦੇਵ ਰੂਪ ਦਾ ਕੋਈ ਬੋਧ ਨਾ ਹੋਵੇ ਤਦ ਤਕ ਤੁਸੀਂ ਉਸਦੇ ਸੱਚੇ ਪੁਜਾਰੀ ਨਹੀਂ ਬਣ ਸਕਦੇ।"

ਧਾਰਮਿਕ ਸੁਸਾਇਟੀ

ਜੋ ਸੁਸਾਇਟੀ ਕਿਸੇ (ਇਸ) ਪ੍ਰਕਾਰ ਦੇ ਅਪਰਾਧਾਂ ਨੂੰ ਕਰਨ ਦਾ ਹੌਂਸਲਾ ਦਿੰਦੀ ਹੈ, ਉਹ ਸੁਸਾਇਟੀ ਧਾਰਮਕ ਸੁਸਾਇਟੀ ਨਹੀਂ ਹੋ ਸਕਦੀ। ਨਾ ਹੀ ਜਿਸ ਸੁਸਾਇਟੀ ਦਾ ਲਖਸ਼, ਜੇ ਦੁਨਿਆਵੀ ਸੁਖ ਸਾਮਾਨ, ਰੋਹਬ ਦਆਬ ਜਾਂ ਧਨ ਦੌਲਤ ਹਾਸਲ ਕਰਨਾ ਹੋਵੇ, ਉਹ ਧਾਰਮਕ ਸੁਸਾਇਟੀ ਅਖਵਾ ਸਕਦੀ ਹੈ।

ਧਾਰਮਿਕ ਸੁਸਾਇਟੀ ਉਹ ਹੀ ਹੈ, ਜੋ ਧਰਮ ਦੀ ਖਾਤਰ ਦੁਨਿਆਵੀ ਚੀਜਾਂ ਨੂੰ ਛੱਡ ਸਕੇ।

-ਦੇਵ ਆਤਮਾ

ਪਾਠਕਾਂ ਦੀ ਸਾਂਝ

ਪ੍ਰਿੰਸੀਪਲ ਅਮਰਨਾਥ ਜੀ ਮੰਤਰੀ ਜੀ ਦੀ ਸੇਵਾ ਵਿੱਚ ਲਿਖਦੇ ਹਨ :-

ਦਿਲੀ ਸ਼ਰਧਾ ਤੇ ਸਨਮਾਨ ਦੇ ਯੋਗ ਮੇਰੇ ਹਿਤਕਾਰੀ ਤੇ ਉਪਕਾਰੀ ਸ਼੍ਰੀਮਾਨ ਜੀ, ਸਨਮਾਨ ਪੂਰਵਕ ਸਤਿ ਦੇਵ ਕੀ ਜੈ। ਮੈਂ ਦਿਲ ਦੇ ਗਹਿਰੇ ਭਾਂਵਾਂ ਨਾਲ ਆਪਦਾ, ਪ੍ਰੀਏ ਬੀਬੀ ਸੁਰਜੀਤ ਜੀ ਦਾ ਅਤੇ ਡਾ. ਵਿਨੋਦ ਖੇੜਾ ਜੀ ਦਾ ਧੰਨਵਾਦ ਕਰਦਾ ਹਾਂ ਕਿ ਮੈਨੂੰ ਦੋਨੋਂ ਪਤ੍ਰਿਕਾਵਾਂ, ਹਿੱਤ ਸਰੋਤ ਅਤੇ ਧਰਮ ਜੀਵਨ ਬਾਕਾਇਦਾ ਮਿਲ ਰਹੀਆਂ ਹਨ। ਮੈਨੂੰ ਆਤਮ ਆਹਾਰ ਪਹੁੰਚਾ ਕੇ ਮੇਰੇ ਨਿੱਜ ਦੇ ਸਾਧਨਾਂ ਦੇ ਲਈ ਉੱਚ ਪ੍ਰਭਾਵ ਸੰਚਾਰਕ ਸਾਮਗਰੀ ਪਰਦਾਨ ਕਰ ਰਹੇ ਹੋ। ਮੈਂ ਆਪ ਸਭ ਨੂੰ ਅਤੇ ਮਾਨਯੋਗ ਪਾਠਕਾਂ ਨੂੰ ਮੁਬਾਰਕ ਬਾਦ ਦਿੰਦਾ ਹਾਂ ਕਿ ਆਪ ਨੇ ਇਨ੍ਹਾਂ ਪਤ੍ਰਿਕਾਵਾਂ ਨੂੰ ਨਵਾਂ ਰੂਪ ਦੇ ਕੇ ਵਧੇਰੇ ਲਾਭ ਦਾਇਕ ਬਣਾ ਦਿੱਤਾ ਹੈ। ਇਨ੍ਹਾਂ ਨੂੰ ਦੇਖ ਅਤੇ ਪੜ੍ਹ ਕੇ ਪੁਰਾਣੀਆਂ ਯਾਦਾਂ ਤਾਜਾ ਹੋ ਜਾਂਦੀਆਂ ਹਨ। ਜਦੋਂ "ਜੀਵਲ ਤੱਤ" ਅਤੇ "ਸਤਿ ਦੇਵ ਸਮਵਾਦ" ਵਿਚ ਭਗਵਾਨ ਦੇਵ ਆਤਮਾ ਦੀ ਦੇਵ ਬਾਣੀ ਦੇ ਛੁਟ, ਬਹੁਤ ਉੱਚੇ ਸਤਰ ਦੇ ਉੱਚ ਜੀਵਨ ਸਬੰਧੀ ਲੇਖ ਅਤੇ ਨੈਤਕ ਲੇਖ ਅਤੇ ਦੂਜੇ ਉੱਚ ਜੀਵਨ ਧਾਰੀਆਂ ਦੇ ਜੀਵਨ ਸਬੰਧੀ ਲੇਖ ਅਤੇ ਉਨ੍ਹਾਂ ਦੀਆਂ ਉੱਚ ਭਾਵ ਪ੍ਰੇਰਕ ਘਟਨਾਵਾਂ, ਅਤੇ ਦੇਸ ਵਿਦੇਸ਼ ਦੀਆਂ ਖਬਰਾਂ ਛੱਪੀਆਂ ਕਰਦੀਆਂ ਸਨ। ਆਸ਼ਾ ਹੈ ਹੋਰ ਪਾਠਕਾਂ ਨੇ ਵੀ ਅਜਿਹਾ ਮਹਿਸੂਸ ਕਰਕੇ ਪ੍ਰਸੰਤਾ ਪ੍ਰਾਪਤ ਕੀਤੀ ਹੋਵੇਗੀ। ਇਹ ਪਤ੍ਰਿਕਾਵਾਂ ਹੋਰ ਵੀ ਸੁੰਦਰ ਅਤੇ ਹਿਤਕਰ ਰੂਪ ਗ੍ਰਹਿਣ ਕਰਨ ਅਤੇ ਵੱਧ ਤੋਂ ਵੱਧ ਪਾਠਕ ਇਨ੍ਹਾਂ ਤੋਂ ਲਾਭ ਉਠਾ ਸਕਨ। ਕਾਸ਼! ਸਾਡੇ ਸਾਥੀ ਅਤੇ ਹੋਰ ਅਧਿਕਾਰੀ ਜਨ ਇਹਨ੍ਹਾਂ ਤੋਂ ਵੱਧ ਤੋਂ ਵੱਧ ਲਾਭ ਉਠਾ ਸਕਣ। ਪਿਛਲੇ ਅੰਕਾਂ ਵਿੱਚ ਇਹ ਲੇਖ, "ਆਖਿਰ ਇਹ ਅਨਿਆਏ ਕਿਉਂ", "ਅਸੀਂ ਕੀ ਖੋ ਦਿਤਾ ਹੈ।" ਲੇਖਕਾ ਦੇ ਨਿਰਾਲੇ ਹਿਰਦੇ ਭਾਵਾਂ ਨੂੰ ਹੀ ਪ੍ਰਗਟ ਨਹੀਂ ਕਰਦੇ ਸਗੋਂ ਪਾਠਕਾਂ ਦੇ ਹਿਰਦਿਆਂ ਨੂੰ ਹਿਲਾਉਣ ਤੇ ਝੰਜੋੜਣ ਦਾ ਵੀ ਕੰਮ ਕਰਦੇ ਹਨ। ਉਨ੍ਹਾਂ ਦੀ ਕਲਮ ਦੀ ਰਵਾਨੀ ਉਨ੍ਹਾਂ ਦੇ ਉੱਚ ਬੋਧਾਂ ਅਤੇ ਭਾਵਾਂ ਦਾ ਪੂਰਾ ਸਾਥ ਦਿੰਦੀ ਹੈ। ਬਚਪਨ ਵਿੱਚ ਮੈਂ ਉਨ੍ਹਾਂ ਅੰਦਰ ਇਹ ਵਿਸ਼ੇਸ਼ਤਾ ਦੇਖੀ ਹੈ। ਖੁਸ਼ੀ ਦੀ ਗੱਲ ਇਹ ਹੈ ਧਰਮ ਵਿਕਾਸਆਲਾ ਦੇ ਉੱਚ ਜੀਵਨ ਦਾ ਇਕ ਵਾਤਾਵਰਨ ਅਤੇ ਫੇਰ ਸਮਾਜ ਦੀਆਂ ਸੰਸਥਾਵਾਂ ਦੇ ਵਾਤਾਵਰਨ ਨਾਲ ਉਨ੍ਹਾਂ ਦੀ ਭਾਵਨਾਵਾਂ ਅਤੇ ਉਨ੍ਹਾਂ ਦੀ ਲੇਖ ਅਤੇ ਲੈਕਚਰ ਪ੍ਰਭਾਵ ਸ਼ਾਲੀ ਰੂਪ ਗ੍ਰਹਿਣ ਕਰ ਗਏ ਹਨ। ਮੇਰਾ ਵੀ ਇਹੋ ਉਨ੍ਹਾਂ ਨੂੰ ਆਸ਼ੀਰਵਾਦ ਹੈ। ਸ: ਦੀਵਾਨ ਸਿੰਘ ਮਫਤੂਨ ਦਾ ਲੇਖ ਵੀ ਬਹੁਤ ਵੱਡੇ ਸੱਤਿ ਨੂੰ ਪ੍ਰਗਟ ਕਰਨ ਵਾਲਾ ਹੈ। ਦੇਵ ਸਮਾਜ ਦੇ ਇਤਿਹਾਸ ਵਿੱਚ ਉਨ੍ਹਾਂ ਦੀਆਂ ਅਨੇਕਾਂ ਮਸਾਲਾਂ ਹਨ। ਮੈਂ ਕੇਵਲ ਇੱਕ ਸ਼ਰਧੇ ਅਤੇ ਵਿਸ਼ੇਸ਼ ਸਨਮਾਨ ਦੇ ਯੋਗ ਪ੍ਰਿੰਸੀਪਲ ਪੀ: ਵੀ ਕਨਲ ਜੀ ਦਾ ਜਿਕਰ ਕਰਦਾ ਹਾਂ ਕਿ ਉਨ੍ਹਾਂ ਨੇ ਗੁਰੂ ਮਹਾਰਾਜ ਦੇ ਚਰਣਾਂ ਵਿੱਚ ਆਉਣ ਦਾ ਨਿਰਣੇ ਤਾਂ ਲੈ ਲਿਆ ਐਪਰ ਵਕਾਲਤ ਕਰਦੇ ਸਮੇਂ, ਉਨ੍ਹਾਂ ਦੇ ਇਕ ਪੜੋਸੀ ਦੀ ਮੌਤ ਹੋ ਗਈ, ਜਿਸ ਨਾਲ ਕਈ ਜਨ ਜੋ ਉਨ੍ਹਾਂ ਤੇ ਨਿਰਭਰ ਸਨ ਬੇਸਹਾਰਾ ਹੋ ਗਏ। ਬਾਬਾ ਜੀ ਕਿਹਾ ਕਰਦੇ ਸੀ ਕਿ ਇਹ ਦੇਖ ਕੇ ਮੇਰੇ ਦਿਲ ਵਿੱਚ ਆਇਆ ਕਿ ਇਹਨਾਂ ਦਾ ਵੀ ਕਿਵੇਂ ਕਿਵੇਂ ਗੁਜ਼ਾਰਾ ਹੋਵੇਗਾ ਹੀ। ਮੈਂ ਤਾਂ ਜੀਵਤ ਹਾਂ। ਧਨ ਕਮਾਉਣਾ ਛੱਡ ਕੇ ਭਗਵਾਨ ਦੇ ਦੇਵ ਚਰਣਾਂ ਦੀ ਫਕੀਰੀ ਕਬੂਲ ਕਰ ਲਈ। ਉਨ੍ਹਾਂ ਦੀ ਨੇਕ ਧਰਮ ਪਤਨੀ ਜੀ ਨੇ ਵੀ ਉਨ੍ਹਾਂ ਦਾ ਪੂਰਾ ਸਾਥ ਦਿੱਤਾ। ਚੰਗਾ ਖਾਸਾ ਪਰਿਵਾਰ ਸੀ, ਅਸੀਂ ਦੇਖਿਆ ਕਿ ਸਾਰੇ ਬੱਚੇ ਉੱਚੀ ਸਿਖਿਆ ਪਾ ਗਏ, ਅਤੇ ਬਹੁਤ ਚੰਗੇ ਤੇ ਉੱਚੇ ਪਦਾਂ ਤੇ ਪਹੁੰਚੇ। ਉਨ੍ਹਾਂ ਆਪਣੀ ਸਮਾਜ ਅਤੇ ਆਪਣੇ ਪਰਮ ਉਪਕਾਰੀ ਗੁਰੂ ਮਹਾਰਾਜ ਦੀ ਅਵਰਨਣੀ ਅਤੇ ਅਨੁਕਰਣ ਯੋਗ ਸੇਵਾ ਕਰਕੇ ਆਪਣਾ ਜੀਵਨ ਸੁਫਲ ਕੀਤਾ। ਹੋਰ ਵੀ ਮਸਾਲਾਂ ਹਨ। ਮਾਨਯੋਗ ਡਾ. ਸੋਨਪਾਰ ਜੀ ਕਿਹਾ ਕਰਦੇ ਸਨ, "ਨੇਚਰ ਦਾ ਵਿਸ਼ਾਲ ਬੈਂਕ ਤਿਆਗੀ ਆਤਮਾਵਾਂ ਦੀ ਸਹਾਇਤਾ ਉਦਾਰਤਾ ਨਾਲ ਕਰਦਾ ਹੈ।"

ਮੇਰੇ ਉਪਕਾਰੀ 14

ਸ: ਸੇਵਾ ਸਿੰਘ ਜੀ

ਸ: ਸੇਵਾ ਸਿੰਘ ਜੀ ਗਿੱਲ, ਫਰਿਸ਼ਤਾ ਤਹਿਸੀਲ ਦਾਰ ਸ: ਸਾਹਿਬ ਸ: ਸਾਵਣ ਸਿੰਘ ਜੀ ਦੇ ਪੁੱਤਰ ਸਨ। ਸ: ਸਾਹਿਬ ਖੁਦ ਵੱਡ ਮੁਲੀ ਵਿਰਾਸਤ (ਰੂਹਾਨੀ) ਦੇ ਮਾਲਕ ਸਨ। ਇਸ ਲਈ ਉਨ੍ਹਾਂ ਦੀ ਸੰਤਾਨ ਤੇ ਖਾਨਦਾਨ ਨੂੰ ਉਸ ਰੂਹਾਨੀ ਵਿਰਾਸਤ ਦਾ ਚੋਖਾ ਹਿੱਸਾ ਪ੍ਰਾਪਤ ਹੋਇਆ। ਇਸ ਪਰਿਵਾਰ ਵਿੱਚ ਖਾਸ ਕਰ ਸ਼ਰਧਾ ਦੀ ਅਤੇ ਸ਼ੁਕਰ ਗੁਜਾਰੀ ਦੀ ਪੂੰਜੀ ਲਗਭਗ ਸਭ ਨੂੰ ਆਈ ਹੈ। ਸ: ਸੇਵਾ ਸਿੰਘ ਜੀ ਨੂੰ ਇਸ ਰੂਹਾਨੀ ਵਿਰਾਸਤ ਦਾ ਚੰਗਾ ਹਿੱਸਾ ਪ੍ਰਾਪਤ ਹੋਇਆ ਸੀ। ਫਰਿਸ਼ਤਾ ਤਹਿਸੀਲਦਾਰ ਜੀ ਦੀ ਈਮਾਨਦਾਰੀ ਦੀ ਅੰਗਰੇਜ ਸਰਕਾਰ ਬੜੀ ਕਦਰ ਕਰਦੀ ਸੀ। ਇਸ ਲਈ ਉਸ ਨੇ ਕੋਈ 8 ਮੁਰੱਬੇ ਜ਼ਮੀਨ ਅਤੇ ਸਾਲਾਨਾ ਜਾਗੀਰ ਉਨ੍ਹਾਂ ਦੇ ਰਿਟਾਇਰ ਹੋਣ ਤੋਂ ਪਿੱਛੋਂ ਆਪਣੀ ਕਦਰਦਾਨੀ ਵਜੋਂ ਉਨ੍ਹਾਂ ਨੂੰ ਮਿੰਟਗੁਮਰੀ ਜਿਲੇ ਸ਼ਾਹੀਵਾਲ ਵਿੱਚ ਦਿੱਤੀ। ਸ: ਸੇਵਾ ਸਿੰਘ ਏਸੇ ਮਾਹੌਲ ਵਿੱਚ ਪਲੇ ਤੇ ਵੱਡੇ ਹੋਏ। ਉਨ੍ਹਾਂ ਨੂੰ ਦੁਨਿਆਵੀ ਜਾਇਦਾਦ ਤੇ ਮਾਨ ਸਨਮਾਨ ਦੀ ਬੜੀ ਹੀ ਕੀਮਤ ਸੀ। ਉਹ ਪਾਕਿਸਤਾਨ ਵਿੱਚ ਸੈਂਕੜੇ ਏਕੜ ਜਮੀਨ ਦੀ ਖੇਤੀ ਕਰਦੇ, ਅਫਸਰਾਂ ਨਾਲ ਤਾਲ ਮੇਲ ਰਖਦੇ, ਉਨ੍ਹਾਂ ਨੂੰ ਦਾਵਤਾਂ ਦਿੰਦੇ ਤੇ ਬੜੀ ਇਜ਼ਤ ਤੇ ਸ਼ੋਹਰਤ ਦਾ ਜੀਵਨ ਬਸਰ ਕਰਦੇ। ਚੰਗੀਆਂ ਘੋੜੀਆਂ ਰੱਖਦੇ ਅਤੇ ਨਾਲ ਨੌਕਰ ਚਾਕਰ ਉਨ੍ਹਾਂ ਦੇ ਬੰਦੂਕ ਬਰਦਾਰ ਵੱਖ ਚਲਦੇ। ਇਹ ਰਿਵਾਲਵਰ ਰਖਦੇ। ਸਰਕਾਰੀ ਕਮੇਟੀਆਂ ਤੇ ਪਦਾਂ ਨੂੰ ਵੀ ਮਾਨਦੇ। ਪੈਸਾ, ਜਮੀਨ, ਜਾਇਦਾਦ, ਸਰਕਾਰ ਦਰਬਾਰੇ ਮਾਨ ਇਜ਼ਤ ਸ਼ਾਨੋ ਸ਼ੋਕਤ ਏਨ੍ਹਾਂ ਦੀ ਜਿੰਦਗੀ ਦਾ ਲਖਸ਼ ਸੀ। ਅਮੀਰ ਬਾਪ ਦੇ ਪੁੱਤਰ ਅਮੀਰ ਘਰਾਣੇ ਬਿਆਹੇ ਹੋਏ ਹੋਣ ਦਾ ਮਾਨ ਉਨ੍ਹਾਂ ਨੂੰ ਉਡਾਈ ਫਿਰਦਾ ਸੀ।

ਸਭ ਦੀ ਬਦਕਿਸਮਤੀ ਕਿ ਸਨ 47 ਵਿੱਚ ਪਾਕਿਸਤਾਨ ਬਣ ਗਿਆ। ਸ: ਸੇਵਾ ਸਿੰਘ ਜੀ ਹੋਰ ਭਾਈਆਂ ਸੰਗ ਅਤੇ ਪਰਿਵਾਰ ਸਮੇਤ ਉਥੇ ਫਸ ਗਏ। ਉਨ੍ਹਾਂ ਨੂੰ ਉਨ੍ਹਾਂ ਦੇ ਛੋਟੇ ਭਾਈ ਸ: ਗੁਰਭਗਤ ਸਿੰਘ ਜੀ ਡੀ. ਆਈ. ਜੀ. ਪੁਲਿਸ, ਬੜੀ ਹਿੰਮਤ ਤੇ ਕੁਰਬਾਨੀ ਕਰਕੇ ਪਰਿਵਾਰਾਂ ਸਮੇਤ ਭਾਰਤ ਜਿਵੇਂ ਲੈ ਕੇ ਆਏ ਉਹ ਵੱਖਰੀ ਕਹਾਣੀ ਹੈ। ਪਾਕਿਸਤਾਨ ਬਣਨ ਨਾਲ ਉਨ੍ਹਾਂ ਦੀ ਉਹ ਸਰਦਾਰੀ ਤੇ ਸ਼ਾਨ ਚਲੀ ਗਈ। ਸਰਦਾਰ ਜੀ ਦੇ ਦਿਲ ਤੇ ਇਸ ਦਾ ਵੱਡਾ ਧੱਕਾ ਲੱਗਾ। ਇਸ ਦੇ ਨਾਲ ਹੀ ਉਨ੍ਹਾਂ ਦਾ ਪੁਲਸ ਇਨਸਪੈਕਟਰ ਜੇਠਾ ਪੁੱਤਰ, ਅਚਾਨਕ ਇਕ ਹਾਦਸੇ ਵਿੱਚ ਮਾਰਿਆ ਗਿਆ। ਇਸ ਸਦਮੇਂ ਨੇ ਉਨ੍ਹਾਂ ਦੀ ਜਿਵੇਂ ਕਮਰ ਹੀ ਤੋੜ ਦਿੱਤੀ। ਜਿਸ ਪੁੱਤਰ ਨੂੰ ਉਨ੍ਹਾਂ ਪੁਲਿਸ ਅਫਸਰ ਦੇ ਘਰ ਵਿਆਹਿਆ ਸੀ, ਜਿਸ ਦੀ ਜੰਜ ਤੇ ਉਸ ਸਮੇਂ 27 ਕਾਰਾਂ ਲੈ ਕੇ ਗਏ ਸਨ, ਜੋ ਪੁਲਸ ਦਾ ਵੱਡੇ ਤੋਂ ਵੱਡਾ ਅਫਸਰ ਬਣ ਸਕਦਾ ਸੀ, ਉਨ੍ਹਾਂ ਦੇ ਪਰਿਵਾਰ ਦੀ ਸ਼ਾਨ ਨੂੰ ਚਾਰ ਚੰਦ ਲੱਗਣੇ ਸੀ, ਉਸ ਦੇ ਚਲੇ ਜਾਣ ਨਾਲ, ਉਨ੍ਹਾਂ ਦੀ ਰਹਿੰਦੀ ਖੂੰਦੀ ਤਾਕਤ ਖਤਮ ਹੋ ਗਈ। ਉਹ ਗਹਿਰੇ Depression ਵਿੱਚ ਚਲੇ ਗਏ। ਆਪਣਾ Revolver ਲੈ ਕੇ ਆਤਮਘਾਤ ਦੇ ਅਵਸਰ ਲੱਭਣ ਲੱਗੇ।

ਇਸ ਮੌਕੇ ਉਨ੍ਹਾਂ ਦੀ ਛੋਟੀ ਇਕਲੌਤੀ ਭੈਣ ਹਿੱਤ ਲਤਾ ਜੀ ਦਿਉਲ ਨੇ ਜ਼ੋਰ ਦੇ ਕੇ ਸੋਲਨ ਸਮਾਜ ਦੇ ਸਤਿਸੰਗ ਤੇ ਪੁੱਜਣ ਦੀ ਸਲਾਹ ਦਿੱਤੀ ਤੇ ਉਨ੍ਹਾਂ ਨੂੰ ਸੋਲਨ ਭੇਜ ਦਿੱਤਾ। ਜਿਸ ਦਿਨ ਤੋਂ ਉਹ ਸੋਲਨ ਆਏ, ਉਸ ਦਿਨ ਤੋਂ ਮੇ ਰਾ ਉਨ੍ਹਾਂ ਦੇ ਨਾਲ ਸੰਪਰਕ ਹੋ ਗਿਆ, ਜੋ ਅੱਜ ਤੱਕ ਕਾਇਮ ਹੈ।

ਜਦ ਵੀ ਸਮਾਜ ਵਿੱਚ ਕੋਈ ਨਵਾਂ ਜਨ ਆਉਂਦਾ ਤਾਂ ਮੈਨੂੰ ਬਹੁਤ ਖੁਸ਼ੀ ਹੁੰਦੀ, ਮੈਂ ਸੁਭਾਵਕ ਹੀ ਉਨ੍ਹਾਂ ਦਾ ਚਾਰਜ ਆਪਣੇ ਆਪ ਹੀ ਲੈ ਲੈਂਦਾ। ਉਨ੍ਹਾਂ ਦੀ ਹਰ ਪ੍ਰਕਾਰ ਦੀ ਸੇਵਾ ਸੰਭਾਲ ਦਾ ਖਿਆਲ ਕਰਨਾ ਆਪਣੇ ਜਿੰਮੇ ਲੈਂ ਲੈਂਦਾ। ਸਰਦਾਰ ਜੀ ਦੇ ਸੋਲਨ

ਆਉਣ ਨਾਲ ਮੈਂ ਬਹੁਤ ਸਾਰਾ ਸਮਾਂ ਉਨ੍ਹਾਂ ਨਾਲ ਬਿਤਾਉਂਦਾ। ਉਨ੍ਹਾਂ ਦੀਆਂ ਸਭ ਲੋੜਾਂ ਪੂਰੀਆਂ ਕਰਨ ਦਾ, ਉਨ੍ਹਾਂ ਦੇ ਆਰਾਮ ਦਾ ਹਰ ਤਰ੍ਹਾਂ ਦਾ ਖਿਆਲ ਕਰਦਾ। ਪਹਿਲਾਂ ਉਨ੍ਹਾਂ ਦੇ ਆਉਂਦੇ ਸਾਰ ਇਕ ਛੋਟਾ ਜਿਹਾ ਕਮਰਾ ਸਫੈਦੀ ਕਰਾਇਆ, ਉਨ੍ਹਾਂ ਲਈ ਚੰਗਾ ਪਲੰਗ, ਮੇਜ ਕੁਰਸੀ, ਬਰਤਨ ਆਦਿ ਪਹੁੰਚਾਏ। ਉਨ੍ਹਾਂ ਨੂੰ ਬਾਰ ਬਾਰ ਮਿਲਦਾ। ਉਨ੍ਹਾਂ ਨੂੰ ਰੋਜ਼ ਦਾ ਅਖ਼ਬਾਰ ਦੇ ਕੇ ਆਉਂਦਾ। ਪਰ ਉਹ ਕਈ ਦਿਨ ਨਿਰਾਸ਼ਾ ਨਾਲ ਭਰੇ ਰਹੇ ਤੇ, ਉਚਾਟ ਰਹੇ। ਕਈ ਦਿਨਾਂ ਬਾਅਦ ਉਨ੍ਹਾਂ ਦਾ ਮਨ ਕੁਝ ਟਿੱਕਿਆ, ਉਹ ਥੋੜਾ ਥੋੜਾ ਅਖਬਾਰ ਪੜਨ ਦੇ ਤੇ ਸਭਾ ਵਿਚ ਧਿਆਨ ਦੇਣ ਦੇ ਯੋਗ ਹੋਏ। ਹਫਤਾ ਦੱਸ ਦਿਨ ਹੋਰ ਬਾਅਦ ਉਨ੍ਹਾਂ ਦਾ ਹਿਰਦੇ ਕੁਝ ਸ਼ਾਂਤ ਹੋਣ ਲੱਗਾ, ਤੇ ਉਹ ਆਪਣੀ ਸੁੱਧ ਬੁੱਧ ਆਪ ਕਰਨ ਵਲ ਧਿਆਨ ਲਗਾਉਣ ਲਗੇ। ਆਖ਼ਿਰ ਵਿੱਚ ਉਹ ਇਸ ਹਾਲਤ ਵਿਚ ਆ ਗਏ ਕਿ ਏਥੇ ਰਹਿਣ ਨਾਲ ਕੁਝ ਆਰਾਮ ਰਹਿੰਦਾ ਹੈ, ਹੋਰ ਕਿਤੇ ਵੀ ਜਾਕੇ ਦਿਲ ਉਚੱੜਦਾ ਹੈ। ਇਸ ਸਤਿਸੰਗ ਵਿੱਚ ਕੋਈ ਮਹੀਨਾ ਭਰ ਰਹਿ ਕੇ, ਉਹ ਹਮੇਸ਼ਾ ਲਈ ਸਤਿਸੰਗੀ ਬਣ ਗਏ। ਉਨ੍ਹਾਂ ਲਈ ਇਕ ਇਕ ਚੰਗਾ ਕਮਰਾ ਕੀ ਮੋਗੇ ਵਿਕਾਸ ਆਲੇ ਵਿੱਚ ਤੇ ਕੀ ਸੋਲਨ ਰਿਜਰਵ ਹੋ ਗਿਆ। ਉਨ੍ਹਾਂ ਦੇ ਭਲੇ ਦਾ ਦੁਆਰ ਖੁਲਦਾ ਗਿਆ।

ਇਕ ਵੇਰ ਕੁੱਝ ਮਹੀਨਿਆਂ ਬਾਅਦ ਮੈਨੂੰ ਰੇਲ ਵਿੱਚ ਉਨ੍ਹਾਂ ਨਾਲ ਫੀਰੋਜ਼ਪੁਰ ਤੱਕ ਇੱਕਠੇ ਸਫਰ ਕਰਨਾ ਪਿਆ। ਹੁਣ ਉਹ ਮੇਰੇ ਕਾਫੀ ਨਿਕਟ ਮਹਿਸੂਸ ਕਰਦੇ ਸੀ ਤੇ ਮੇਰੇ ਨਾਲ ਖੁਲ੍ਹ ਕੇ ਗਲ ਬਾਤ ਕਰਦੇ ਸੀ। ਉਨ੍ਹਾਂ ਨੇ ਮੈਨੂੰ ਮਾਂਸਾ ਹਾਰ ਬਾਰੇ ਸਾਰੇ ਰਾਹ ਸਵਾਲ ਕੀਤੇ ਕਿ ਜਿਨ੍ਹਾਂ ਦੇ ਮੈਂ ਸਾਇੰਸੀ ਆਧਾਰ ਤੇ ਗੁਰੂ ਦੀ ਰੋਸ਼ਨੀ ਵਿੱਚ ਢੁਕਵੇਂ ਜਵਾਬ ਦਿੱਤੇ। ਕੁੱਝ ਘੰਟਿਆਂ ਦੇ ਇੱਕਠੇ ਸਫਰ ਵਿੱਚ ਉਨ੍ਹਾਂ ਨੂੰ ਜੱਚ ਗਿਆ ਕਿ ਹੈ ਤਾਂ ਮਾਸਾਹਾਰ ਖਰਾਬ ਹੀ, ਐਪਰ ਅਸੀਂ ਸੁਆਦ ਜ਼ਾਇਕਾ ਸਦਕਾ ਤੇ ਆਏ ਗਏ ਦੀ ਮਾਨ ਵਡਿਆਈ ਸਦਕਾ, ਇਸ ਨੂੰ ਪ੍ਰਯੋਗ ਕਰਦੇ ਹਾਂ। ਉਨ੍ਹਾਂ ਮੈਨੂੰ ਉਦੋਂ ਹੀ ਕਹਿ ਦਿੱਤਾ ਕਿ ਮੈਂ ਇਸ ਦਾ ਸੇਵਨ ਕਦੀ ਨਹੀਂ ਕਰਾਂਗਾ। ਉਨ੍ਹਾਂ ਖੰਨੇ ਆਪਣੇ ਘਰ ਵਿੱਚ ਇਕ ਸੱਤਿਸੰਗ ਰਖੀ ਤੇ ਉਸ ਤੋਂ ਪਹਿਲੋਂ ਉਹਨਾਂ ਆਪਣੀ ਬੰਦੂਕ ਥਾਨੇ ਜਮਾਂ ਕਰ ਦਿੱਤੀ ਅਤੇ ਆਪਣੇ ਘਰ ਵਿਖੇ ਅਮਰੀਕਣ Birds ਨਾਲ ਬਣਾਈ poultery ਨੂੰ (ਮੁਰਗੀ ਖਾਣਾ), ਇਕ ਦਮ ਚੁੱਕ ਦਿੱਤਾ ਤੇ ਉਸ ਸਤਿ ਸੰਗ ਵਿਚ ਆਪਣੇ ਦੋਸਤ ਮਿੱਤਰ ਸਭ ਨੂੰ invite ਕੀਤਾ। ਉਸ ਸਤਿਸੰਗ ਦੇ ਪ੍ਰਭਾਵ ਨਾਲ ਆਪਣੇ ਆਪ ਉਨ੍ਹਾਂ ਸਰਕਾਰੀ ਕਈ ਪਦਾਂ ਤੇ ਚੌਧਰਾਂ ਤੋਂ, ਨਹਿਰ, ਰੇਲ ਤੇ ਮਹਿਕਮਾਂ ਸਬੰਧੀ ਕਮੇਟੀਆਂ ਤੋਂ ਆਪਣੇ ਆਪ ਤਿਆਗ ਪੱਤਰ ਦੇ ਦਿੱਤੇ। ਉਹ ਹਮੇਸ਼ਾ ਸਤਿਸੰਗ ਵਿੱਚ ਰਹਿਣ ਲੱਗ ਪਏ ਤੇ ਖੁਸ਼ੀ ਖੁਸ਼ੀ ਫੇਰ ਨਿਰਾਲੇ ਗੁਰੂ ਦੇ ਸੇਵਕ ਸਜ ਗਏ ਤੇ ਅੰਤਮ ਸਮੇਂ ਤੱਕ ਸਤਿਸੰਗ ਵਿੱਚ ਹੀ ਚੰਡੀਗੜ੍ਹ ਰਹੇ। ਸਨ 1960 ਵਿੱਚ ਮੈਂ ਸਮਾਜ ਦੀ ਕੌਂਸਲ ਦਾ ਮੈਂਬਰ ਤੇ 67 ਵਿੱਚ ਸਮਾਜ ਦਾ ਸੈਕਟਰੀ ਬਣਾ ਦਿੱਤਾ ਗਿਆ। ਇਸ ਨਾਲ ਹੋਰ ਵੀ ਸਰਦਾਰ ਸਾਹਿਬ ਮੇਰੇ ਕਰੀਬ ਹੁੰਦੇ ਗਏ ਅਤੇ ਮੇਰੇ ਪਾਸ ਕਾਫੀ ਦਿਲ ਖੋਲ ਲੈਂਦੇ, ਮੇਰੇ ਘਰ ਆ ਆ ਕੇ ਖੁਸ਼ੀ ਖੁਸ਼ੀ ਠਹਿਰਦੇ ਤੇ ਖੁਸ਼ ਹੁੰਦੇ। ਸੰਸਾਰੀ ਬਹੁਤ ਵਧੇਰੇ ਤਜਰਬਾ ਰਖਦੇ ਸੀ। ਮੇਰੇ ਤੇ ਮੇਰੇ ਪਰਿਵਾਰ ਦੇ ਉਹ ਸੱਚੇ ਖ਼ੈਰ ਖਵਾਹ ਬਣ ਗਏ। ਮੇਰੀ ਸਮਾਜ ਸੇਵਾ ਨੂੰ ਮਹਿਸੂਸ ਕਰਦੇ ਹੋਏ, ਮੇਰੇ ਲਈ ਵੀ ਬਹੁਤ ਸੋਚਣ ਲਗ ਪਏ।

ਉਨ੍ਹਾਂ ਦੀ ਬੇਟੀ ਦੀ ਨਨਦ ਦਾ ਰਿਸ਼ਤਾ ਮੈਂ ਆਪਣੇ ਪਿੰਡ ਕਰਾ ਦਿੱਤਾ ਸੀ। ਇਸ ਕਾਰਨ ਉਨ੍ਹਾਂ ਨੂੰ ਮੇਰੇ ਪਿੰਡ ਵਿਚ ਦੋ, ਤਿੰਨ ਵੇਰ ਆਉਣਾ ਪਿਆ। ਉਨ੍ਹਾਂ ਨੂੰ ਮੇਰੇ ਪਿੰਡ ਤੇ ਮੇਰੀ ਜਮੀਨ ਆਦਿ ਉਥੇ ਕੁੱਝ ਜਚੇ ਨਾ। ਉਨ੍ਹਾਂ ਸੋਚਿਆ ਕਿ ਪਹਿਲਾਂ ਮੈਂ ਇਹਨਾਂ: ਨੂੰ ਚੰਗੇ ਥਾਂ ਜਮੀਨ ਲੈ ਦਿਆਂ। ਉਨ੍ਹਾਂ ਮੇਰੀ ਖਾਤਰ ਗਰਮੀ ਵਿੱਚ ਬੜੇ ਗੇੜੇ ਮਾਰੇ ਆਖ਼ਿਰ ਆਪਣੇ ਇਕ ਰਿਸ਼ਤੇ ਦਾਰ ਤੋਂ ਮੇਰੇ ਨਾ ਜ਼ਮੀਨ ਦਾ ਗਾਰਡਨ ਕਾਲੋਨੀ ਜਲਾਲਾਬਾਦ (East) ਵਿੱਚ ਸੌਦਾ ਕਰਾ ਦਿੱਤਾ। ਫੇਰ ਉਸ ਜਮੀਨ ਦੇ ਮਾਲਕ ਨੇ ਕੁਝ ਹੋਰ ਲਾਲਚ ਵਿਖਾਇਆ ਜਿਸ ਨੂੰ ਪੂਰਾ ਕਰਨਾ ਮੇਰੇ ਲਈ ਉਸ ਸਮੇਂ ਬਹੁਤ ਔਖਾ ਸੀ। ਉਹ ਮੇਰੇ ਨਾਲ ਉਸ ਪਾਸ

ਗਏ। ਲੰਮਾ ਸਫਰ ਕਰਕੇ। ਉਸ ਨੂੰ ਬਹੁਤ ਕੁੱਝ ਤੱਤਾ ਠੰਡਾ ਮੇਰੀ ਖਾਤਰ ਕਿਹਾ। ਆਖਿਰ ਫੇਰ ਉਸ ਜ਼ਮੀਨ ਦੀ ਮੇਰੇ ਨਾਂ ਰਜਿਸਟਰੀ ਕਰਾਉਣ ਵਾਸਤੇ ਉਹਨਾਂ ਸ: ਗੁਰਦਿੱਤ ਸਿੰਘ ਜੀ ਮਾਲਵਾ ਬੱਸ ਨੂੰ ਆਪਣੇ ਨਾਲ ਜਾਣ ਲਈ ਤਿਆਰ ਕੀਤਾ, ਅਸੀਂ ਚਾਰੇ ਵਾਹਿਦ ਸਾਹਿਬ ਸਮੇਤ ਉਥੇ ਰਜਿਸਟਰੀ ਲਈ ਪੁੱਜ ਗਏ। ਤਹਿਸੀਲਦਾਰ ਸਾਹਿਬ ਨੇ ਸ: ਗੁਰਦਿੱਤ ਸਿੰਘ ਜੀ ਕਾਰਨ ਸਾਡਾ ਬਹੁਤ ਨਿੱਘਾ ਸਵਾਗਤ ਕੀਤਾ। ਸਾਨੂੰ ਅੰਗੂਰ, ਠੰਡਾ ਤੇ ਚਾਹ ਵਾਲਿਆਂ ਨੂੰ ਚਾਹ ਦੀ ਸੇਵਾ ਕੀਤੀ। ਜਮੀਨ ਦਾ ਮਾਲਕ ਨਾਂ ਨੁਕਰ ਕਰਦਾ ਸੀ। ਐਪਰ ਤਹਿਸੀਲਦਾਰ ਸਾਹਿਬ ਦੇ ਜੋਰ ਦੇਣ ਤੇ ਕਹਿਣ ਤੇ ਕਿ ਰਜਿਸਟਰੀ ਤਾਂ ਹੋ ਗਈ ਹੈ ਤੁਸੀਂ ਰੁਪਏ ਨਹੀਂ ਲੈਣੇ ਤਾਂ ਸਰਕਾਰ ਪਾਸ ਜਮਾਂ ਹੋ ਜਾਣਗੇ। ਇਸ ਨਾਲ ਇਹ ਕਾਫੀ ਔਖਾ ਕੰਮ ਸਿਰੇ ਚੱੜ ਗਿਆ। ਵਾਹਿਦ ਸਾਹਿਬ ਮੇਰੇ ਨਾਲ ਤਹਿਸੀਲ ਦੇ ਕਲਰਕਾਂ ਪਾਸ ਗਏ ਤੇ ਉਨ੍ਹਾਂ ਨੂੰ ਮੈਥੋਂ ਇਕ ਪੈਸਾ ਵੀ ਨਾ ਲੈਣ ਲਈ ਕਹਿ ਦਿੱਤਾ।

ਇਸ ਜਮੀਨ ਦਾ ਮਾਲਕ ਹੋਣ ਤੇ, ਮੈਂ ਵੀ ਬਾਗ ਵਾਲਾ ਕੋਠੀ ਵਾਲਾ ਤੇ ਵਧੀਆਂ ਉਪਜਾਊ ਜਮੀਨ ਦਾ ਮਾਲਕ ਬਣ ਗਿਆ। ਜਿਸ ਕਾਰਨ ਉਥੇ ਜਿੱਥੇ ਮੈਨੂੰ ਕੋਈ ਜਾਣਦਾ ਨਹੀਂ ਸੀ, ਸਾਰੇ ਮਾਨਤਾਨ ਦੇਣ ਲੱਗ ਪਏ ਤੇ ਸਰਦਾਰ ਜੀ ਕਰ ਕੇ ਸੰਬੋਧਨ ਕਰਨ ਲੱਗ ਪਏ। ਸਰਦਾਰ ਸਾਹਿਬ ਦਾ ਮੇਰੇ ਲਈ ਸੋਚਣਾ, ਇਸ ਪ੍ਰਕਾਰ ਗਰਮੀ ਵਿੱਚ ਭੱਜ ਨੱਠ ਕਰਨਾ, ਸਾਰਾ ਕੁਝ ਆਪਣਾ ਜਾਣ ਕੇ ਕੰਮ ਕਰਨਾ, ਮੇਰੇ ਹੀ ਫਾਇਦੇ ਲਈ ਸੋਚਣਾ ਮੇਰੇ ਉੱਤੇ ਵੱਡਾ ਉਪਕਾਰ ਹੈ, ਜੋ ਮੈਂ ਕਦੀ ਵੀ ਭੁੱਲ ਨਹੀਂ ਸਕਿਆ। ਇਸ ਉਪਕਾਰ ਨੇ ਮੇ ਰਾ ਆਰਥਕ ਤੋਰ ਤੇ ਵੀ ਭਲਾ ਕੀਤਾ, ਮਾਨ ਸਨਮਾਨ ਵਿੱਚ ਵੀ ਵਾਧਾ ਕੀਤਾ। ਮੈਂ ਖੁਦ ਅਜਿਹਾ ਕੰਮ ਉਸ ਵੇਲੇ ਕਦੀ ਵੀ ਨਹੀਂ ਕਰ ਸਕਦਾ ਸੀ।

ਸਰਦਾਰ ਸਾਹਿਬ ਨੇ ਇਕ ਹੋਰ ਉਪਕਾਰ ਇਹ ਕਰ ਦਿੱਤਾ ਕਿ ਉਨ੍ਹਾਂ ਮੈਨੂੰ ਸ: ਬਚਿੱਤਰ ਸਿੰਘ ਜੀ ਸਿਧੂ ਜਿਹੇ ਸੁਹਿਰਦ ਪੁਰਖ ਨਾਲ ਮਿਲਾ ਦਿੱਤਾ, ਜਿਨ੍ਹਾਂ ਨੇ ਵੱਖ ਮੇਰੇ ਤੇ ਉਪਕਾਰ ਕੀਤੇ। ਉਸ ਨੂੰ ਮੈਂ ਵੱਖ ਕਿਸੇ ਸਮੇਂ ਬਿਆਨ ਕਰਨ ਦਾ ਇਰਾਦਾ ਕਰਦਾ ਹਾਂ।

ਸਰਦਾਰ ਜੀ ਅੰਦਰ ਸ਼ਰਧਾ ਤੇ ਸ਼ੁਕਰਗੁਜ਼ਾਰੀ ਸੁੰਦਰ ਮਾਤਰਾ ਵਿੱਚ ਵਰਤਮਾਨ ਸੀ। ਉਨ੍ਹਾਂ ਨੂੰ ਉਨਾਂ ਦੀ ਧਰਮ ਪਤਨੀ ਜੀ ਦੇ ਭਾਈ ਸ: ਦਿਆਲ ਸਿੰਘ ਜੀ ਨੇ ਪਾਕਿਸਤਾਨ ਤੋਂ ਆਉਂਦਿਆ ਨੂੰ ਹੀ 70 ਏ ਕੜ ਦੇ ਕਰੀਬ ਜ਼ਮੀਨ ਉਨ੍ਹਾਂ ਦੀ ਨਿਰਾਸ਼ਾ ਦੂਰ ਕਰਨ ਅਤੇ ਸਹਾਇਤਾ ਲਈ, ਉਨ੍ਹਾਂ ਦੇ ਨਾਮ ਲਵਾ ਦਿੱਤੀ। ਉਨ੍ਹਾਂ ਉਤੇ ਇਸ ਚੀਜ ਦਾ ਸਦਾ ਹੀ ਬੜਾ ਅਸਰ ਰਿਹਾ। ਸ: ਦਿਆਲ ਸਿੰਘ ਜੀ ਦੀ ਅਚਾਨਕ ਮੌਤ ਹੋ ਗਈ, ਉਹ ਵੀ ਇਨ੍ਹਾਂ ਦੀ ਹੀ ਭਤੀਜੀ ਦੇ ਕੰਮ ਆਉਂਦਿਆ। ਸ: ਸੇਵਾ ਸਿੰਘ ਜੀ ਨੇ ਉਨ੍ਹਾਂ ਦੇ ਬੱਚਿਆ ਦੇ ਸਿਰ ਤੇ ਹੱਥ ਰੱਖਣ ਲਈ ਉਨ੍ਹਾਂ ਪਾਸ ਹੀ ਟਿਕਾਣਾ ਲਾ ਦਿੱਤਾ। ਉਨ੍ਹਾਂ ਦੀ ਜ਼ਮੀਨ ਦੇ ਕੰਮ ਸੰਵਾਰੇ। ਆਮਦਨ ਵਧਾਈ। ਉਨ੍ਹਾਂ ਬੱਚਿਆਂ ਨੂੰ (ਜਿਨ੍ਹਾਂ ਚੋਂ ਕੁਝ ਅਧੂਰੇਸ਼ਨ) ਨੌਕਰੀਆਂ ਦਵਾਈਆਂ। ਇਕ ਨੂੰ ਮੈਂ ਏਥੇ ਇਕ ਕੰਪਣੀ ਵਿੱਚ ਲਗਵਾਇਆ। ਉਸ ਨੂੰ ਉਹ ਪਾਸ ਹੀ ਰਖਦੇਸਨ। ਦੂਜਿਆਂ ਨੂੰ ਮੁਲਾਜਮਤਾਂ ਦੁਆਈ। ਮਿਲਿਟਰੀ ਸਕੂਲਾਂ ਦੇ ਵਿੱਚ ਦਾਖਲ ਕਰਾ ਕੇ ਅਫਸਰ ਬਨਾਏ। ਸ: ਦਿਆਲ ਸਿੰਘ ਜੀ ਦੀ ਲੜਕੀ ਨੂੰ ਮੁਖਾਲਫ ਹਾਲਾਤ ਵਿੱਚ ਬਹੁਤ ਚੰਗੀ ਥਾਂ ਇਕ ਮੁਲਾਜਮ ਲੜਕੇ ਨਾਲ ਵਿਆਹਿਆ। ਬਾਕੀ ਸਭ ਬੱਚਿਆਂ ਦੀਆਂ ਵੀ ਸ਼ਾਦੀਆਂ ਕੀਤੀਆਂ। ਸਭ ਨੂੰ ਨਿਜਿੱਠਿਆ ਅਤੇ ਜੂਨ ਦੇ ਮਹੀਨੇ 4 ਵਾਰੀ ਚੰਡੀਗੜ੍ਹ ਤੋਂ ਫੀਰੋਜਪੁਰ ਬੱਸਾਂ ਤੇ ਜਾ ਜਾ ਕੇ ਉਹ ਸਾਰੀ ਜਮੀਨ ਸ: ਦਿਆਲ ਸਿੰਘ ਦੇ ਬੱਚਿਆਂ ਦੇ ਨਾਂ ਲਵਾ ਕੇ ਸ਼ਾਂਤੀ ਪਾਈ। ਇਹ ਅਜਿਹੀ ਕਿਰਿਆ ਹੈ ਜਿਸ ਨੂੰ ਜੋ ਵੀ ਵੇਖਦਾ ਸੁਣਦਾ ਹੈ, ਉਹ ਸਰਦਾਰ ਜੀ ਨੂੰ ਸਿਰ ਨਿਵਾਏ ਬਿਨਾਂ ਨਹੀਂ ਰਹਿ ਸਕਦਾ। ਸਰਦਾਰ ਜੀ ਦੇ ਜੀਵਨ ਦਾ ਇਹ ਪੱਖ ਮੇਰਾ ਸਦਾ ਹੀ ਭਲਾ ਕਰਦਾ ਰਿਹਾ ਹੈ।

ਉਨ੍ਹਾਂ ਆਪਣੇ ਪੁਰਾਣੇ ਨੌਕਰ ਬਿੱਛੇ ਦੇ ਨਾ 5 ਹਜਾਰ ਰੁਪਏ ਦੀ ਬੈਂਕ ਐਫ. ਡੀ. ਕਰਾ ਦਿੱਤੀ। ਏ

ਨੀ ਉਹ ਹੋਰ ਕਰਾਉਣਾ ਚਾਹੁੰਦੇ ਸਨ। ਉਹ ਉਸ ਨੂੰ ਉਪਕਾਰੀ ਮੰਨਦੇ ਸਨ। ਉਸ ਦੇ ਬੱਚਿਆਂ ਲਈ ਰੋਜ਼ਗਾਰ ਢੂੰਡਦੇ ਰਹਿੰਦੇ ਸਨ।

ਸਮਾਜ ਵਿੱਚ ਆਕੇ ਸਰਦਾਰ ਜੀ ਨੂੰ ਆਪਣੇ ਛੋਟੇ ਭਾਈ ਸ: ਗੁਰ ਭੱਗਤ ਸਿੰਘ ਜੀ ਗਿੱਲ ਡੀ. ਆਈ. ਜੀ. ਦੀ ਜਾਣ ਤੇ ਖੇਲ ਕੇ, ਉਨ੍ਹਾਂ ਸਭ ਪਰਿਵਾਰਾਂ ਨੂੰ ਪਾਕਿਸਤਾਨ ਚੋਂ ਬੱਸ ਭਰ ਕੇ ਕੱਢਣ ਦੀ, ਰਹਿ ਰਹਿ ਕੇ ਯਾਦ ਆਉਣ ਲਗ ਪਈ ਸੀ। ਉਸ ਲਈ ਉਨ੍ਹਾਂ ਰੋ ਰੋ ਕੇ ਧੰਨਵਾਦ ਦੇ ਪਤਰ ਲਿਖੇ ਤੇ ਇਕ ਵੇਰ ਮੇਰੇ ਸਾਹਮਣੇ ਆਪਣੇ ਪਿਤਾ ਜੀ ਦੀ ਬਰਸੀ ਦੀ ਸਭਾ ਵਿੱਚ ਸਭ ਦੇ ਸਾਹਮਣੇ ਆਪਣ ਬਰਫ ਵਰਗੀ ਸਫੈਦ ਪਗੜੀ ਇਕ ਦਮ ਉਤਾਰ ਕੇ ਉਨ੍ਹਾਂ ਉਪਕਾਰੀ ਦੇ ਚਰਨਾਂ ਵਿੱਚ ਰੱਖ ਦਿੰਤੀ। ਅਤੇ ਆਪਣੇ ਕੋਝੇ ਸਲੂਕਾਂ ਲਈ ਖਿਮਾਂ ਮੰਗੀ।

ਏਸ ਪ੍ਰਕਾਰ ਹੀ ਉਨ੍ਹਾਂ ਇਕ ਸੇਵਕ ਨਾਲ ਗਲਤ ਬੋਲਣ ਤੇ, ਉਸ ਦੇ ਪੈਰਾਂ ਵਿੱਚ ਪੱਗ ਰੱਖ ਕੇ ਮੁਆਫੀ ਮੰਗੀ। ਆਪ ਦੇ ਉੱਚ ਭਾਵਾਂ ਨੇ ਸਭ ਨਾਲ ਫਾਸਲੇ ਖਤਮ ਕਰ ਦਿਤੇ ਸੀ, ਨਜ਼ਦੀਕੀਆਂ ਵਧਾ ਦਿੱਤੀਆਂ ਸਨ।

ਆਪ ਦੇ ਕਾਰਨ ਹੀ ਆਪ ਦੀ ਭੈਣ ਜੀ ਨੇ ਦਿਉਲ ਸਾਹਿਬ, ਤੇ ਹੋਰ ਸਾਰੇ ਪਰਿਵਾਰ ਖਾਸ ਕਰਕੇ ਸ: ਗੁਰਭਗਤ ਸਿੰਘ ਜੀ ਗਿੱਲ, ਤੇ ਉਨ੍ਹਾਂ ਦਾ ਪਰਿਵਾਰ, ਦੀਪ ਜੀ ਤੇ ਉਨ੍ਹਾਂ ਦੇ ਭਾਈਆਂ ਦੇ ਪਰਿਵਾਰ, ਸ: ਨੌ ਨਿਹਾਲ ਸਿੰਘ ਜੀ ਰਿਟਾਯਰਡ ਐਸ. ਡੀ. ਐਮ., ਤੇ ਉਨ੍ਹਾਂ ਦੇ ਭਾਈ ਪਰਫੁਲ ਜੀ, ਆਪ ਦੇ ਸਾਰੇ ਬੱਚੇ ਤੇ ਉਨ੍ਹਾਂ ਦੇ ਪਰਿਵਾਰ, ਸਭ ਮੈਨੂੰ ਬਹੁਤ ਮਾਨ ਦੇਣ ਲੱਗ ਪਏ, ਜੋ ਉਨ੍ਹਾਂ ਦੇ ਬਾਅਦ ਅਜੇ ਤੱਕ ਜਾਰੀ ਹੈ। ਮੈਨੂੰ ਸਭ ਆਪਣਾ ਜਾਣ ਕੇ ਹਮੇਸ਼ ਮੇਰੀ ਮਦਦ ਲਈ ਤਤਪਰ ਰਹਿੰਦੇ ਹਨ। ਸ: ਜੀ ਦਾ ਇਹ ਵੀ ਮੇਰੇ ਤੇ ਖਾਸ ਉਪਕਾਰ ਸੀ ਜਿਸ ਨੇ ਅੱਗੇ ਮੇਰੇ ਉਪਕਾਰੀਆਂ ਵਿੱਚ ਵਾਧਾ ਕਰ ਦਿੱਤਾ।

ਸਰਦਾਰ ਜੀ ਬੜੇ ਹੀ ਸਫਾਈ ਪਸੰਦ ਤੇ ਸ਼ੌਕੀਨ ਮਜਾਜ ਸਨ। ਉਹ ਇਕ ਵੱਡੇ ਚਿੱਟੇ ਕਪੜੀਏ ਸਨ। ਉਨ੍ਹਾਂ ਦਾ ਖਾਸ ਹੀ ਵਿਅਕਤੀਤਵ ਸੀ। ਉਨ੍ਹਾਂ ਨਿਕਟ ਹੋ ਕੇ ਸਦਾ ਸਫਾਈ ਦੀ ਤੇ ਸੋਹਜ਼ ਦੀ ਪ੍ਰੇਰਣਾ ਮਿਲਦੀ ਸੀ।

ਉਨ੍ਹਾਂ ਮੇਰੇ ਲਿਬਾਸ ਉਤੇ ਵੀ ਆਪਣਾ ਰੰਗ ਚੜ੍ਹਾ ਦਿੱਤਾ। ਮੈਨੂੰ ਵੀ ਸਫੈਦ ਲਿਬਾਸ ਚੰਗਾ ਲਗਣ ਲੱਗ ਗਿਆ। ਉਨ੍ਹਾਂ ਮੈਨੂੰ ਆਪਣੇ ਵਰਗੀਆਂ ਵਾਸਕਿਟਾਂ ਸਿਲਵਾਉਣ ਨੂੰ ਤਿਆਰ ਕਰ ਦਿੱਤਾ। ਉਹ ਮੁਕਤਸਰ ਤੋਂ ਖਾਸ ਹੀ ਮੋਚੀ ਤੋਂ ਸਫੈਦ ਜੁੱਤੀ ਸਿਲਵਾਉਂਦੇ ਸਨ, ਤੇ ਮੇਰੇ ਕਈ ਵੀ ਨਾਲ ਬਣਵਾ ਦਿੰਦੇ ਸਨ। ਹੁਣ ਵੀ ਮੈਂ ਸਦਾ ਸਫੈਦ ਜੁੱਤੀ ਰੱਖਦਾ ਹਾਂ। ਉਨ੍ਹਾਂ ਨੂੰ ਯਾਦ ਕਰ ਲੈਂਦਾ ਹਾਂ। ਉਨ੍ਹਾਂ ਦੀਆਂ ਖਰੀਦ ਕੇ ਦਿੱਤੀਆਂ ਗਰਮ ਕੋਟੀਆਂ ਮੈਂ ਹੁਣ ਤੱਕ ਪਾਉਂਦਾ ਰਿਹਾ ਹਾਂ।

ਉਨ੍ਹਾਂ ਸਦਕਾ ਸਾਰੇ ਪਰਿਵਾਰ ਸਮਾਜ ਦੇ ਨੇੜੇ ਆ ਗਏ। ਸਭ ਬਰਸੀ ਦੀ ਸਭਾ ਸੁਣ ਕੇ ਖੁਸ਼ ਹੁੰਦੇ ਰਨ। ਸਭ ਚੰਗਾ ਦਾਨ ਸਮਾਜ ਨੂੰ ਖੁਸ਼ੀ ਖੁਸ਼ੀ ਦਿੰਦੇ ਹਨ।

ਉਹ ਮੇਰਾ ਚੇਹਰਾ ਪੜ ਲੈਂਦੇ ਸਨ। ਸ੍ਰੀਮਾਨ ਗੁਰਵੰਤ ਸਿੰਘ ਜੀ ਦੀ ਮੌਤ ਤੇ ਮੈਨੂੰ ਬੇਹਦ ਸਦਮਾ ਪੁੱਜਾ। ਉਹ ਵੱਡੇ ਸਨ ਤਜੁਰਬਾਕਾਰ ਸਨ। ਸਮਾਜ ਦੇ ਉਹ ਜਿੰਮੇਵਾਰ ਸਨ। ਮੈਂ ਘਟੋਂ ਘੱਟ ਸਾਲ ਭਰ ਬੜਾ ਹੀ ਉਦਾਸ ਰਿਹਾ। ਗੁਰੂ ਦਾ ਅਦੁਤੀ ਕੰਮ ਕਿਵੇਂ ਚਲੇ ਗਾ। ਉਹ ਮੇਰੇ ਪਾਸ ਬੈਠ ਜਾਂਦੇ। ਉਹ ਮੈਨੂੰ ਬਹੁਤ ਧੀਰਜ਼ ਦਿੰਦੇ ਧਰਵਾਸ ਦਿੰਦੇ। ਬੜੀ ਹਮਦਰਦੀ ਕਰਦੇ।

ਮੇਰੀਆਂ ਔਖਾਂ ਵੇਲੇ ਮੇਰਾ ਫਿਕਰ ਕਰਦੇ। ਮੇਰੇ ਲਈ ਕਿਸੇ ਤੋਂ ਕਰਜਾ ਤੱਕ ਲੈਣ ਲਈ ਵੀ ਸੋਚਦੇ। ਬਹੁਤ ਹਮਦਰਦੀ, ਧੀਰਜ ਤੇ ਦਲਾਸਾ ਦਿੰਦੇ।

ਮੈਨੂੰ ਜਵਾਨੀ ਵਿੱਚ, ਲਗਨ ਨਾਲ ਸਮਾਜ ਦਾ ਕੰਮ ਕਰਦੇ ਦੇਖ ਕੇ, ਬਹੁਤ ਖੁਸ਼ ਹੁੰਦੇ ਤੇ ਇਹ ਗਲ ਬਾਰ ਬਾਰ ਚਿਤਾਰਦੇ। ਰਿਸ਼ਤੇ ਨਾਤੇ ਕਰਨ ਵੇਲੇ ਮੇਰੇ ਨਾਲ ਸਲਾਹ ਮਸ਼ਵਰੇ ਕਰਦੇ। ਦੋ ਵਾਕਿਫ ਲੜਕੀਆਂ ਦੇ ਵਿਆਹ ਉਨ੍ਹਾਂ ਮੇਰੇ ਰਾਹੀਂ ਕੀਤੇ। ਉਨ੍ਹਾਂ ਦੇ ਸਭ ਬੱਚਿਆ ਨਾਲ ਸਾਡਾ ਘਰ ਵਰਗਾ ਸਬੰਧ ਹੈ।

ਆਪਣੇ ਜੇਠੇ ਪੁੱਤਰ ਦੀ ਮੌਤ ਨਾਲ ਉਨ੍ਹਾਂ ਦੀ ਜਿਵੇਂ ਕਮਰ ਹੀ ਟੁੱਟ ਗਈ। ਫੇਰ ਸਃ ਦਿਆਲ ਸਿੰਘ ਸੰਧੂ ਜੀ ਦੀ ਅਚਾਣਕ ਮੌਤ ਹੋ ਗਈ। ਇਕ ਬੜੇ ਹੀ ਯੋਗ, ਸੁੰਦਰ ਤੇ ਚੰਗੇ ਅਫਸਰ ਪੁੱਤਰ ਦੇ ਹਾਲਾਤ ਬਹੁਤ ਅਣਸੁਖਾਵੇਂ ਹੋ ਗਏ। ਬਸ ਉਨ੍ਹਾਂ ਨੂੰ ਦੁਨੀਆਂ ਫਿੱਕੀ ਲਗਣ ਲੱਗ ਪਈ। ਉਹ ਪਰਲੋਕ ਦੇ ਪੱਕੇ ਵਿਸ਼ਵਾਸ਼ੀ ਹੋ ਗਏ। ਪਰਲੋਕ ਦੀ ਤਿਆਰੀ ਹਮੇਸ਼ਾ ਕਰੀ ਰਖਦੇ। ਇਕ ਛੋਟਾ ਅਟੈਚੀ, ਜਿਸ ਵਿਚ ਆਖਰੀ ਵਰਦੀ ਬਣਾ ਕੇ ਰੱਖ ਲਈ ਸੀ। ਉਸ ਉਪਰ ਪ੍ਰਲੋਕ ਜਾਣ ਸਮੇਂ ਦਾ ਲਿਬਾਸ, ਲਿੱਖ ਰੱਖਿਆ ਸੀ। ਇਹ ਉਨ੍ਹਾਂ ਦੇ ਜੀਵਨ ਦੀ ਖਾਸ ਹੀ ਵਿਸ਼ੇਸ਼ਤਾ ਸੀ। ਉਹ ਸੰਸਾਰ ਤੋਂ ਉਭ ਚੁੱਕੇ ਸਨ ਤੇ ਵੈਰਾਗ ਹੋ ਗਿਆ ਸੀ।

ਉਨ੍ਹਾਂ ਨੂੰ ਸਮਰਣ ਹੋਇਆ ਕਿ ਪਿਤਾ ਜੀ ਜਾਣ ਤੋਂ ਪਹਿਲਾਂ ਸਮਾਜ ਨੂੰ ਇਕ ਮੁਰੱਬਾ ਦੇਣਾ ਚਾਹੁੰਦੇ ਸਨ ਜੋ ਉਨ੍ਹਾਂ ਆਪਣੇ ਹੋਰ ਭਾਈਆ ਸਮੇਤ ਸਮਾਜ ਨੂੰ ਨਹੀਂ ਦੇਣ ਦਿੱਤਾ ਸੀ। ਉਨ੍ਹਾਂ ਇਸ ਮਕਸਦ ਲਈ ਉਸ ਸਮੇਂ ਮੁਰਬੇ ਦੀ ਕੀਮਤ ਦਸ ਹਜਾਰ ਰੁਪਏ ਸਮਾਜ ਵਿੱਚ ਸਨ 70-75 ਵਿੱਚ ਜਮਾਂ ਕਰਾ ਕੇ ਚੈਣ ਪਾਇਆ ਹੋਰ ਵੀ ਸਮਾਜ ਨੂੰ ਦਾਨ ਦਿੰਦੇ ਰਹੇ। ਉਹ ਆਪਣੇ ਪਿਤਾ ਜੀ ਦੇ ਮਹਾਨ ਜੀਵਨ ਤੋਂ ਬਹੁਤ ਪ੍ਰਭਾਵਤ ਸਨ। ਸਦਾ ਉਨ੍ਹਾਂ ਨੂੰ ਯਾਦ ਕਰਕੇ ਉਨ੍ਹਾਂ ਦਾ ਆਸ਼ੀਰਵਾਦ ਮੰਗਦੇ। ਉਹ ਦੇਵ ਆਤਮਾ ਨੂੰ ਪਹਿਲੋਂ ਕੁਝ ਨਹੀਂ ਸਮਝਦੇ ਸਨ। ਐਪਰ ਇਹ ਜਾਣ ਕੇ ਕਿ ਉਹ ਮੇਰੇ ਪਿਤਾ ਜੀ ਦੇ ਗੁਰੂ ਹਨ, ਪ੍ਰਣਾਮ ਕਰ ਛੱਡਦੇ ਸਨ। ਸਮਾਜ ਵਿੱਚ ਆਕੇ ਸਭਾਵਾਂ ਸੁਣ ਕੇ ਉਨਾਂ ਨੂੰ ਕਿਸੇ ਅੰਸ਼ ਦੇਵ ਆਤਮਾ ਦਾ ਰੂਪ ਚਮਕਿਆ ਅਤੇ ਉਹ ਉਨ੍ਹਾਂ ਦੇ ਸੇਵਕ ਹੋਣ ਦਾ ਮਾਨ ਕਰਿਆ ਕਰਦੇ ਸਨ। ਗੁਰੂ ਮਹਾਰਾਜ ਦਾ ਰੋਜ ਸੁੰਦਰ ਤੋਂ ਸੁੰਦਰ ਫੁਲਾਂ ਦੇ ਨਾਲ ਅਰਚਣ ਕਰਕੇ, ਉਹ ਰੋਜ਼ ਆਪਣਾ ਸਾਧਨ ਕਰਦੇ ਸਨ।

ਅਜਿਹੇ ਸੁਹਿਰਦ, ਸ਼ਰਧਾਵਾਨ, ਕਰਤੱਗ ਤੇ ਹਮਦਰਦ ਅਤੇ ਆਪਣਾ ਪਨ ਮਹਿਸੂਸ ਕਰਨ ਵਾਲੇ ਇਨਸਾਨ ਤੇ ਸਬੰਧੀ ਕਿੱਥੇ ਮਿਲਦੇ ਹਨ। ਚੰਗੇ ਭਾਗਾਂ ਨਾਲ ਹੀ ਅਜਿਹੇ ਇਨਸਾਨਾਂ ਦਾ ਸਾਥ ਮਿਲਦਾ ਹੈ।

ਮੈਂ ਇਸ ਉਪਕਾਰੀ ਨੂੰ ਰੋਜ਼ ਯਾਦ ਕਰਕੇ ਉਨ੍ਹਾਂ ਦੇ ਪਰਿਵਾਰ ਨੂੰ ਯਾਦ ਕਰਕੇ ਸਭ ਦਾ ਸ਼ੁਭ ਮੰਗਦਾ ਹਾਂ।

ਗੁਰੂ ਫਰਮਾਨ

- ਸੱਚਾ ਪਰਚਾਰਕ ਸਤਿ ਅਤੇ ਸ਼ੁਭ ਦੀ ਜੈ ਦੇ ਲਈ ਹੈ। ਜੇ ਕਰ ਪਰਚਾਰਕ ਆਪਣੇ ਜੀਵਨ ਵਿੱਚ ਝੂਠ ਅਤੇ ਬੁਰਾਈ ਦੀ ਜੈ ਕਰਦਾ ਹੈ, ਤਾਂ ਉਹ ਸੱਚਾ ਪਰਚਾਰਕ ਨਹੀਂ।
- ਸਨਮਾਨ ਦਾ ਅਰਥ ਹੈ ਕਿਸੇ ਦੀ ਖੂਬੀਆਂ ਦਿਲ ਤੇ ਨਕਸ਼ ਹੋ ਜਾਣ, ਅਤੇ ਉਨ੍ਹਾਂ ਦਾ ਦਿਲ ਤੇ ਅਸਰ ਰਹੇ।
- ਅਹੰ ਅਨੁਰਾਗੀ ਦੂਜਿਆਂ ਦੀਆਂ ਖੂਬੀਆਂ ਦੇਖਣ ਦੇ ਵਿਚਾਰ ਨਾਲ ਹਨੇਰੇ ਦੀ ਹਾਲਤ ਵਿੱਚ ਰਹਿੰਦਾ ਹੈ।
- ਕੁਝ ਰੁਪਏ ਦਾਨ ਕਰਕੇ ਮਨੁੱਖ ਖੁਦਗਰਜ਼ੀ ਤੋਂ ਉਪਰ ਨਹੀਂ ਹੋ ਜਾਂਦਾ।
- ਮੂੰਹ ਤੋਂ ਜੋ ਕੁਝ ਕਹਿੰਦੇ ਹੋ, ਉਸਦਾ ਅਸਲੀ ਜੀਵਨ ਤੋਂ ਸਬੂਤ ਮਿਲਨਾ ਚਾਹੀਦਾ ਹੈ।
- ਕਿਸੇ ਸਮਾਜ ਸੁਸਾਈਟੀ ਦੀ ਤਾਕਤ ਵਧ ਜਾਂਦੀ ਹੈ, ਜੇ ਕਰ ਉਸਦੇ ਅੰਗ ਆਪਸ ਵਿੱਚ ਮਿਲ ਜਾਣ।

ਪਸਚਾਤਾਪ

ਇੱਕ ਸਾਥੀ ਆਪਣੀਆਂ ਕਮੀਆਂ ਕਮਜ਼ੋਰੀਆਂ ਤੇ ਦੁੱਖੀ ਹੋ ਕੇ ਲਿਖਦੇ ਹਨ :-

ਮੇਰੇ ਤੇ ਸਤਿ ਦੇਵ ਜੀ ਦੇ ਪ੍ਰਭਾਂਵਾਂ ਦੀ ਜੈ ਹੋਈ ਸੀ, ਤਾਂ ਮੈਂ ਕੁਝ ਭਲਾ ਬਣਿਆਂ ਸੀ। ਐਪਰ ਆਪਣੀ ਬੀਮਾਰੀ ਕਾਰਨ, ਸੁਭਾਉ ਕਾਰਨ ਅਤੇ ਆਦਤਾਂ ਕਾਰਨ ਮੈਂ ਗੁਰੂ ਦਾ ਚੰਗੀ ਤਰ੍ਹਾਂ ਸੇਵਕ ਨਹੀਂ ਬਣ ਸਕਿਆ। ਸਵਾਰਥ, ਕਪਟਤਾ, ਨੀਚਤਾ, ਚੋਰੀ ਉਚਕਾਰ ਮੇਰੇ ਸੁਭਾਅ ਦੇ ਅੰਗ ਬਣ ਚੁਕੇ ਸਨ। ਮੈਂ ਕਈ ਵਾਰੀਂ ਪਰਿਸ਼ੋਧ ਕੀਤੇ ਸਨ, ਅਤੇ ਇਸ ਹਾਲਤ ਵਿੱਚ ਸੀ ਕਿ ਹੋਰਾਂ ਨੂੰ ਕੁਝ ਦਸ ਸਕਦਾ ਸੀ। ਐਪਰ ਆਪਣੀ ਅਯੋਗਤਾ ਕਾਰਨ ਮੇਰੀ ਗਤੀ ਸਵਾਰਥ ਦਾ ਹੀ ਸਾਥ ਦਿੰਦੀ ਰਹੀ।

ਉਸ ਸਮੇਂ ਵਿੱਚ ਜਦੋਂ ਮੈਂ ਬੀਮਾਰ ਸਾਂ ਕਪਟਤਾ ਨਾਲ ਆਪ ਜੀ ਤੋਂ ਅਤੇ ਖੇੜਾ ਸਾਹਿਬ ਤੋਂ ਇਕ ਰਿਸ਼ਤੇ ਦਾਰ ਬੱਚੀ ਦੀ ਫੀਸ ਮੁਆਫ ਕਰਾਣ ਦੀ ਸਿਫਾਰਸ਼ ਕਰਾਵਾਈ ਸੀ। ਉਨ੍ਹਾਂ 2 ਹਜਾਰ ਦੀ ਛੋਟ ਕਰ ਦਿੱਤੀ ਸੀ, ਮੈਂ ਅੰਦਰੋਂ ਅੰਦਰੀ ਨੀਚ ਤੇ ਕਪਟੀ ਬਣ ਗਿਆ ਤੇ ਰੂਪੈ ਆਪ ਰੱਖ ਲਏ। ਫਿਰ ਗੁਰੂ ਜੀ ਦੀ ਰੋਸ਼ਨੀ ਮਿਲੀ ਪਰਿਸ਼ੋਧ ਭਾਵ ਨਾਲ 2 ਸਾਲਾਂ ਵਿੱਚ ਇਕ ਇਕ ਹਜਾਰ ਕਰਕੇ 2 ਵਰ੍ਹੇ ਉਨ੍ਹਾਂ ਦੇ ਨਾਂ ਦਾਨ ਦੀ ਰਸੀਦ ਤਾਂ ਕੱਟਵਾ ਲਈ, ਪਰ ਮੇਰੇ ਅੰਦਰ ਜੋ ਪਾਪ ਅਪਰਾਧ ਸੀ। ਇਸ ਨੂੰ ਮੈਂ ਅਜ ਤੋਂ ਪਹਿਲਾਂ ਨਹੀਂ ਸੀ ਬਿਆਨ ਕੀਤਾ। ਅੱਜ ਚਾਰ ਵਜੇ ਉੱਠ ਕੇ ਬੈਠਿਆ ਭਜਨ ਗਾਏ ਤਾਂ ਮੈਨੂੰ ਕੁਝ ਬਲ ਮਿਲਿਆ, ਮੈਂ ਪਾਪੀ ਅਪਰਾਧੀ ਉਸ ਸਮੇਂ ਆਪਣੀਆਂ ਪ੍ਰਤਿਗਿਆ ਭੰਗ ਕਰ ਬੈਠਿਆ ਅਤੇ ਗੁਰੂ ਮਹਾਰਾਜ ਦੀ ਰੋਸ਼ਨੀ ਮਿਲਣੀ ਬੰਦ ਹੋ ਗਈ। ਮੈਂ ਸੰਗਤ ਵਿੱਚ ਆਉਂਦਾ ਵੀ ਤਾਂ ਆਪਣੀ ਅਯੋਗਤਾ ਕਾਰਨ ਲਾਭ ਨ ਉੱਠਾ ਪਾਉਂਦਾ। ਪਿੱਛਲੇ ਸਾਲਾਂ ਵਾਂਗ ਫੇਰ ਬੀਮਾਰ ਹੋ ਗਿਆ ਹਾਂ। ਮਾਨਸਕ ਸ਼ਕਤੀਆਂ ਮੈਨੂੰ ਪਿਸ਼ਾਚ ਕੋਹੜੀ ਨੂੰ ਪਾਪੀ ਅਪਰਾਧੀ ਨੂੰ ਨੀਚ ਤੇ ਨਿਕਰਸ਼ਟ, ਨਾਸ਼ੁਕਰਾ ਬਣਾਉਂਦੀਆ ਰਹੀਆਂ। ਤੁਸੀਂ ਮਹੋਤਸਵ ਤੇ ਆਉਣ ਨੂੰ ਆਖਿਆ ਸੀ, "ਕਿ ਸ਼੍ਰੀਮਾਨ ਈਸ਼ਵਰ ਸਿੰਘ ਜੀ ਦੇ ਪਿਤਾ ਜੀ ਦਾ ਜੀਵਨ ਚਰਿੱਤਰ ਅਤੇ ਮਿਰਤੂ ਤੋਂ ਜੀਵਨ ਦੀ ਔਰ" ਪੜੋ ਤੇ ਖੱਤ ਲਿਖੋ। ਪਰ ਮੈਂ ਅਧੂਰਾ ਨੀਚ ਜੀਵਨ ਵਿੱਚ ਨੀਚ ਸੁੱਖਾਂ ਦਾ ਦਾਸ ਆਲਸੀ, ਘ੍ਰਿਣਾਕਾਰੀ ਅਜੇ ਤੀਕ ਇਹ ਪੁਸਤਕਾਂ ਨਹੀਂ ਪੜ ਸੱਕਿਆ। ਮੈਨੂੰ ਕ੍ਰਿਪਾ ਕਰਕੇ ਇਹ ਪੁਸਤਕਾਂ ਉਪਲਬਧ ਕਰਾਉ, ਤਾਂ ਕਿ ਮੈਂ ਇਨ੍ਹਾਂ ਨੂੰ ਪਾਠ ਕਰਕੇ ਕੁਝ ਤਸਲੀ ਪਾ ਸਕਾਂ। ਮੈਂ ਬਹਾਲ ਹੋ ਸਕਾਂ। ਆਪ ਜੀ ਉੱਚ ਜੀਵਨ ਧਾਰੀ ਕਰਮਚਾਰੀ ਹੋ ਜਿਨ੍ਹਾਂ ਮੈਨੂੰ ਅਤੀ ਅਪਰਾਧੀ ਨੂੰ ਬਾਵਜੂਦ ਮੇਰੇ ਗ਼ਲਤ ਹਰਕਤਾਂ, ਬੁਰੇ ਵਿਵਹਾਰਾਂ ਕਾਰਨ ਮੇਰੀ ਪਾਪੀ ਅਪਰਾਧੀ ਦੀ ਹਰ ਕਸ਼ਟ ਨੂੰ ਸਹਿ ਕੇ ਵੀ ਹਮਦਰਦੀ ਤੋਂ ਨਹੀਂ ਹਟੇ। ਮੇਰੇ ਭਲੇ ਲਈ ਆਪ ਪ੍ਰਾਰਥਨਾ ਕਰਦੇ ਰਹੇ ਹੋ, ਕਿਰਪਾ ਕਰਕੇ ਮੈਨੂੰ ਰਾਹ ਦਿਖਾਓ।

ਸੂਚਨਾ

ਮੈਂ ਇਸ ਮਹੀਨੇ ਵਿੱਚ ਵਿਦੇਸ਼ ਜਾ ਰਿਹਾ ਹਾਂ ਇਸ ਲਈ ਕੁਝ ਮਹੀਨੇ ਤੁਹਾਨੂੰ 2 ਮਹੀਨਿਆਂ ਦੇ ਜੜੁਤ ਅੰਕ ਹੀ ਭੇਜ ਸਕਾਂਗਾ, ਪਾਠਕਾਂ ਨੂੰ ਪ੍ਰਾਰਥਨਾ ਹੈ, ਕਿ ਆਪ ਇਸ ਅਸੁਵਿਧਾ ਤੇ ਘਾਟ ਨੂੰ ਸਹਿਣ ਦੀ ਕ੍ਰਿਪਾਲਤਾ ਕਰਨੀ, ਅਤੇ ਇਸ ਮਜਬੂਰੀ ਲਈ ਖਿਮਾਂ ਦੇਣ ਦੀ ਕਿਰਪਾ ਕਰਨੀ।

-ਸੰਪਾਦਕ

ਕੀ ਤੁਸੀਂ ਜਾਣਦੇ ਹੋ?

1. ਘਟੀਆ ਸਸਤੀ ਖੁਰਾਕ, ਸਿਗਰਟਾਂ ਬੀੜੀਆਂ ਤੇ ਤੰਗ ਸ਼ਹਿਰੀ ਜਿੰਦਗੀ, ਅਵਿਕਸਿਤ ਦੇਸ਼ਾਂ ਦੇ ਲੱਖਾਂ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਰਹੀ ਹੈ।
2. ਹਿਰਦੇ ਰੋਗ ਜੋ ਅਮੀਰਾਂ ਦਾ ਰੋਗ ਹੁੰਦਾ ਸੀ, ਹੁਣ ਗਰੀਬ ਮੁਲਕਾਂ ਵਿੱਚ ਵੱਧ ਤੋਂ ਵੱਧ ਲੋਕਾਂ ਦੀ ਮੌਤ ਦਾ ਕਾਰਨ ਬਣ ਰਿਹਾ ਹੈ।
3. ਜਿਉਂ ਜਿਉਂ ਜਨਸੰਖਿਆ ਵੱਧ ਰਹੀ ਹੈ ਤਿਉਂ ਤਿਉਂ ਹਿਰਦੇ ਰੋਗ ਦੀ ਸੰਭਾਵਨਾ ਵਧਦੀ ਜਾਂਦੀ ਹੈ।
4. ਲੋਕਾਂ ਦੀ ਖੁਰਾਕ ਸਸਤੀ ਤੇ ਘਟੀਆ ਹੁੰਦੀ ਜਾ ਰਹੀ ਹੈ, ਐਪਰ ਕਸਰਤ ਦੁਰਲਭ ਹੋ ਰਹੀ ਹੈ। ਮੋਟਾਪਾ ਤੇ ਸ਼ੂਗਰ ਪੇਂਡੂ ਲੋਕਾਂ ਨਾਲੋਂ ਸ਼ਹਰੀ ਲੋਕਾਂ ਵਿੱਚ ਵੱਧ ਰਹੇ ਹਨ।
5. ਤੰਬਾਕੂ ਦਾ ਰੋਗ ਮਹਾਂਮਾਰੀ ਦਾ ਰੂਪ ਅਵਿਕਸਤ ਦੇਸ਼ਾਂ ਵਿੱਚ ਧਾਰਨ ਕਰ ਰਿਹਾ ਹੈ, ਜੋ ਲੋਕਾਂ ਦੀ ਮੌਤ ਦਾ ਸਭ ਤੋਂ ਵਡਾ ਕਾਰਨ ਬਣ ਰਿਹਾ ਹੈ।
6. ਅਮਰੀਕਾ ਵਾਂਗ ਬਹੁਤ ਹੀ ਘੱਟ ਲੋਕਾਂ ਨੂੰ ਤੰਬਾਕੂ ਛੁਡਾਉਣ ਦਾ ਸਵਾਸਥਕਾਰੀ ਖੁਰਾਕ ਖਾਣ ਦਾ, ਕੁਝ ਕਸਰਤ ਕਰਨ ਦਾ ਫਿਕਰ ਕਰਨ ਵਾਲੇ ਅਦਾਰੇ ਹਨ।
7. ਨਤੀਜੇ ਵਜੋਂ ਲੋਕ ਜਵਾਨੀ ਵਿਚ ਹੀ ਮਰ ਰਹੇ ਹਨ ਆਪਣੇ ਕਮਾਊ ਸਮੇਂ ਵਿੱਚ ਖਤਮ ਹੋ ਰਹੇ ਹਨ। ਅਧੇੜ ਉਮਰ ਦੀਆਂ ਮੌਤਾਂ ਆਖਿਰ ਆਰਥਕਤਾ ਤੇ ਮੰਦਾ ਅਸਰ ਪਾਉਂਦੀਆ ਹਨ
8. ਅਮਰੀਕਾਂ ਵਿੱਚ ਹਿਰਦੇ ਰੋਗ ਨੰ 1 ਘਾਤਕ ਹੈ ਉਥੇ ਇਕ ਲੱਖ ਜਨਾਂ ਪਿਛੇ 116 ਮੌਤਾਂ ਹੁੰਦੀਆ ਹਨ। ਆਦਮੀ 33-59 ਸਾਲ ਦੀ ਉਮਰ ਵਿੱਚ ਖਤਮ ਹੋ ਜਾਂਦਾ ਹੈ।
9. ਰੂਸ ਵਿੱਚ ਉਸੇ 33 ਤੋਂ 59 ਸਾਲ ਦੀ ਉਮਰ ਦੇ ਲੋਕ ਲੱਖ ਪਿਛੇ 576 ਮਰਦੇ ਹਨ।
10. ਪਹਿਲਾਂ ਹਿਰਦੇ ਰੋਗ ਨੂੰ ਅਮੀਰਾਂ ਤੇ ਸੰਪੰਨ ਬੁੱਢੇ ਜਨਾਂ ਦਾ ਰੋਗ ਜਾਣਿਆ ਜਾਂਦਾ ਸੀ। ਐਪਰ ਹੁਣ 80 ਫੀਸਦੀ ਹਿਰਦੇ ਰੋਗ ਨਾਲ ਮੌਤਾਂ ਘੱਟ ਜਾਂ ਦਰਮਿਆਨੀ ਆਮਦਨ ਵਾਲੇ ਦੇਸਾਂ ਵਿੱਚ ਹੁੰਦੀਆਂ ਹਨ।

ਜ਼ਰੂਰੀ ਸੂਚਨਾ

ਜੇ ਤੁਸੀਂ ਹਿਤ ਸਰੋਤ ਲਈ ਕੋਈ ਲੇਖ ਭੇਜਣਾ ਹੋਵੇ, ਜਾਂ ਕੋਈ ਪਰਚਾ ਨਵਾਂ ਜਾਰੀ ਕਰਾਉਣਾ ਜਾਂ ਬੰਦ ਕਰਾਉਣਾ ਹੋਵੇ, ਚੰਦਾ ਭੇਜਣਾ ਹੋਵੇ, ਹੋਰ ਕੋਈ ਜਾਣਕਾਰੀ ਲੈਣੀ ਹੋਵੇ ਤਾਂ ਇਸ ਪਤੇ ਤੇ ਸੰਪਰਕ ਕਰੋ ।

ਸ਼੍ਰੀ ਮਾਨ ਬਲਦੇਵ ਸਿੰਘ,
House No. 3154,
Sector 21-D, Chandigarh-160022,
Phone (95-172)-2716914 / 2716139.

ਬੀਤੇ ਪਲਾਂ ਦਾ ਰਸ

ਸਾਦਾ ਰਹਿਣ ਦੀ ਬਿਰਤੀ

ਨੇਚਰ ਨੇ ਸਾਨੂੰ ਦੇਵ ਆਤਮਾ ਦੇ ਕੇ ਅਤੇ ਉਨ੍ਹਾਂ ਦੇ ਪੈਦਾ ਕਰਦਾ ਉੱਚ ਜੀਵਨ ਧਾਰੀ ਆਤਮਾ ਦੇ ਕੇ ਸਾਥੋਂ ਆਪਣੀਆਂ ਬਰਕਤਾਂ ਚੋ ਕੁੱਝ ਵੀ ਛੁਪਾ ਕੇ ਨਹੀਂ ਰੱਖਿਆ। ਦੇਵ ਆਤਮਾ ਨੂੰ ਜਾਹਿਰ ਕਰਕੇ ਨੇਚਰ ਨੇ ਆਪਣੀ ਸਾਰੀ ਪਿਟਾਰੀ ਸਾਡੇ ਤੇ ਖਾਲੀ ਕਰ ਦਿੱਤੀ। ਸਾਨੂੰ ਮਹਾਂ ਸੁਭਾਗ-ਸ਼ਾਲੀ ਬਣਾ ਦਿੱਤਾ।

ਦੇਵ ਆਤਮਾ ਦੀਆਂ ਪੈਦਾ ਕਰਦਾ ਉੱਚ ਹਸਤੀਆਂ ਚੋਂ ਸ਼ਰਧੇ ਸ਼੍ਰੀਮਾਨ ਈਸ਼ਵਰ ਸਿੰਘ ਜੀ ਵੀ ਇਕ ਖਾਸ ਹੀ ਹਸਤੀ ਸਨ। ਮੈਨੂੰ ਉਨ੍ਹਾਂ ਦੇ ਦਰਸ਼ਨ ਕਰਨ ਦਾ ਤੇ ਉਨ੍ਹਾਂ ਦੇ ਚਰਨਾਂ ਵਿਚ ਰਹਿਣ ਦਾ ਕੋਈ 17-18 ਸਾਲ ਅਵਸਰ ਮਿਲਿਆ।

ਉਹ ਬੜੇ ਹੀ ਸਾਦਗੀ ਪਸੰਦ ਸਨ। ਭਾਵੇਂ ਉਹ ਵੱਡੇ ਸਰਦਾਰ ਸਨ ਅਤੇ ਰਾਜੇ ਮਹਾਰਾਜਿਆਂ ਦੇ ਰਿਸ਼ਤੇ ਦਾਰ ਸਨ। ਐਪਰ ਰਹਿੰਦੇ ਬੇਹਦ ਸਾਦਾ ਸਨ। ਮੈਂ ਉਨ੍ਹਾਂ ਪਾਸ 2-4 ਕੁਰਤੇ ਪਜਾਮਿਆਂ, ਸਰਦੀ ਲਈ ਇਕ ਦੋ ਸਵੈਟਰਾਂ ਤੇ ਕੋਟ ਤੋਂ ਛੁੱਟ ਹੋਰ ਕੋਈ ਪੁਸ਼ਾਕ ਨਹੀਂ ਦੇਖੀ। ਇਕ ਕਰਮਚਾਰੀਆਂ ਵਾਲਾ ਚਿੱਟਾ ਕੋਟ ਵੱਖ ਹੁੰਦਾ ਸੀ।

ਉਨ੍ਹਾਂ ਦਾ ਵਿਕਾਸ ਆਲੇ ਵਿੱਚ ਰਿਹਾਇਸ਼ੀ ਕਮਰਾ ਮੋਗੇ ਵਿਕਾਸਆਲੇ ਦੀ ਦੋ ਮੰਜਲਾ ਬਿਲਡਿੰਗ ਦੇ ਉਪਰਲੀ ਮੰਜਲ ਵਿਚ ਆਖ਼ਰੀ ਕਮਰਾ ਸੀ। ਬਾਹਰ ਵੱਡਾ ਬਰਾਮਦਾ ਸੀ। ਸ਼੍ਰੀਮਾਨ ਜੀ ਦੇ ਕਮਰੇ ਦੇ ਬਾਹਰ ਹਮੇਸ਼ਾ ਇਕ ਗੋਲ ਮੇਜ ਪਈ ਰਹਿੰਦੀ ਸੀ। ਜਿਸ ਤੇ ਬੈਠ ਕੇ ਅਕਸਰ ਕੌਂਸਲ ਦੀਆਂ ਮੀਟਿੰਗਾਂ ਹੁੰਦੀਆਂ ਸਨ। ਬਰਾਂਡੇ ਦੀ ਛੋਟੀ ਦੀਵਾਰ ਤੇ ਇਕ ਪਾਣੀ ਭਰਿਆ ਕੂੰਡਾ ਤੇ ਨਾਲ ਹੀ ਪੰਛੀਆਂ ਦੀ ਚੋਗ ਹੁੰਦੀ ਸੀ। ਸ਼੍ਰੀਮਾਨ ਜੀ ਦੇ ਕੰਧਿਆਂ ਬਾਹਵਾਂ ਤੇ ਅਕਸਰ ਪੰਛੀ ਬੇਝਿਜਕ ਆ ਬੈਠਦੇ ਸਨ।

ਸ਼੍ਰੀਮਾਨ ਜੀ ਦੇ ਕਮਰੇ ਅੰਦਰ ਇਕ ਆਰਾਮ ਕੁਰਸੀ ਅਤੇ ਇਕ ਦਫਤਰੀ ਕੁਰਸੀ ਸੀ। ਦੋ ਛੋਟੀਆਂ ਮੇਜਾਂ ਜੁੜੰਤ ਚਾਰਪਾਈ ਨਾਲ, ਕਿਤਾਬਾਂ ਕਾਪੀਆਂ ਭਰੀਆਂ ਸਨ। 4 ਅਲਮਾਰੀਆਂ ਚੋਂ ਬਹੁ ਤੀਆਂ ਕਿਤਾਬਾਂ ਨਾਲ ਹੀ ਭਰੀਆਂ ਹੁੰਦੀਆਂ ਸਨ। ਇਕ ਘੁੰਮਣ ਵਾਲਾ ਚੌਰਸ ਮੇਜ ਵੱਖ ਸੀ। ਜਿਸ ਦੇ ਹੇਠ ਰੱਖਣਿਆਂ ਵਿੱਚ ਪੁਸਤਕਾਂ ਤੇ ਅਖ਼ਬਾਰ ਦੀਆਂ ਫਾਈਲਾਂ ਸਨ। ਮੱਛਰਦਾਨੀ ਸੀ, ਕੋਨੇ ਵਿਚ ਇਕ ਸਟੂਲ ਤੇ ਬਾਲਟੀ ਤੇ ਇਕ ਖਾਲੀ ਸਟੂਲ ਰਹਿੰਦਾ ਸੀ। ਬਸ ਇਹ ਸਾਰਾ ਸਾਜ਼ ਸਮਾਨ ਸੀ। ਮੈਂ ਉਸ ਕਮਰੇ ਨੂੰ ਬੜੀ ਹੀ ਪ੍ਰੀਤੀ ਨਾਲ ਸਾਫ ਕਰਕੇ ਉੱਚ ਖੁਸ਼ੀਆਂ ਮਾਣਦਾ ਸੀ। ਕਦੀ ਕਦੀ ਮੈਂ ਉਸ ਵਿੱਚ ਆਪਣੀ ਪੱਗ ਨਾਲ ਪੋਚਾ ਦੇ ਕੇ ਉਚੇਰੀ ਖੁਸ਼ੀ ਪ੍ਰਾਪਤ ਕਰਦਾ ਸੀ।

ਇਕ ਵੇਰ ਮੈਂ ਉਹ ਕਮਰਾ ਸਾਫ ਕਰ ਰਿਹਾ ਸੀ ਤਾਂ ਸ: ਸੇਵਾ ਸਿੰਘ ਜੀ ਜੋ ਉਥੇ ਹੀ ਵਾਸ ਕਰਦੇ ਸਨ ਮੈਨੂੰ ਢੂੰਡਦੇ ਉਥੇ ਆ ਗਏ। ਉਨ੍ਹਾਂ ਨੂੰ ਸ਼੍ਰੀਮਾਨ ਜੀ ਪ੍ਰਤੀ ਬੜੀ ਹੀ ਸ਼ਰਧਾ ਸੀ। ਉਹ ਮੇਰੇ ਨਾਲ ਕਮਰੇ ਨੂੰ ਸਜਾਉਣ ਲੱਗ ਪਏ। ਉਨ੍ਹਾਂ ਕਈ ਨਵੇਂ ਮੇਜ ਪੋਸ਼, ਸਫੈਦ ਚਾਦਰਾਂ, ਫੂਲਦਾਨ ਆਦਿ ਲਿਆ ਕੇ ਸਜਾ ਦਿੱਤੇ। ਕਮਰੇ ਦਾ ਰੂਪ ਬਦਲ ਗਿਆ। ਸਫੈਦ ਤੇ ਚਿੱਟਾ ਦਿਖਾਈ ਦੇਣ ਲੱਗ ਪਿਆ। ਸਰਦਾਰ ਜੀ ਕਮਰਾ ਸਜਾ ਕੇ ਨਵੀਆਂ ਚਾਦਰਾਂ ਮੇਜ਼ ਪੋਸ਼ ਆਦਿ ਲਿਆ ਕੇ ਨੀਚੇ ਪਰਤ ਗਏ। ਉਹ ਬਹੁਤ ਖੁਸ਼ ਹੋ ਰਹੇ ਸਨ। ਰਾਤ ਦਾ ਖਾਣਾ ਖਾ ਕੇ ਸ਼ਰਧੇ ਸ਼੍ਰੀਮਾਨ ਜੀ ਜਦੋਂ ਆਪਣੇ ਕਮਰੇ ਨੂੰ ਪਰਤੇ ਤਾਂ ਮੈਂ ਵੀ ਪਿੱਛੇ ਉਨ੍ਹਾਂ ਦੇ ਚਰਨਾਂ ਦੀ ਸੇਵਾ ਦੇ ਅਵਸਰ ਨੂੰ ਪਾਉਣ ਚਲਿਆ ਗਿਆ। ਸ਼੍ਰੀਮਾਨ ਜੀ ਨੇ ਜਦੋਂ ਹੀ ਆਪਣਾ ਕਮਰਾ ਦੇਖਿਆ, ਤਾਂ ਉਹ ਉਸ ਦੀ ਮਸਨੂਈ ਸਜਾਵਟ ਨੂੰ ਦੇਖ ਕੇ ਬੜੇ ਦੁਖੀ ਹੋਏ। ਉਨ੍ਹਾਂ ਪੁੱਛਿਆ ਕਿ ਇਹ ਕਿਸਦੀ ਸ਼ਰਾਰਤ ਹੈ? ਮੈਂ ਦੱਸਿਆ ਕਿ ਜੀ ਸ: ਸੇਵਾ ਸਿੰਘ ਜੀ ਨੇ ਸਭ ਕੁਝ ਕੀਤਾ ਹੈ। ਸ਼੍ਰੀਮਾਨ ਜੀ ਨੇ ਇਕ ਦਮ ਅੰਦਰ ਜਾ ਕੇ,

ਇਕੋ ਹਬਕੇ ਨਾਲ ਚਾਦਰਾਂ ਉਤਾਰ ਦਿੱਤੀਆਂ। ਮੇਜ ਪੋਸ਼ ਤੇ ਹੋਰ ਸਜਾਵਟੀ ਸਮਾਨ ਉਠਾ ਦਿੱਤਾ ਅਤੇ ਮੂੰਹ ਤੋਂ ਉਚਾਰਿਆ ਕਿ ਤੁਸੀਂ ਸਮਝਦੇ ਹੋ ਮੈਨੂੰ ਸਫੈਦ ਚਾਦਰਾਂ ਤੇ ਮੇਜ਼-ਪੋਸ਼ਾਂ ਦਾ ਪਤਾ ਹੀ ਨਹੀਂ। ਉਨ੍ਹਾਂ ਉਸ ਸਜਾਵਟ ਨੂੰ ਕੋਝੀ ਘੁਟਣ ਮਹਿਸੂਸ ਕੀਤਾ ਤੇ ਚੰਦ ਸਕਿੰਟਾਂ ਵਿੱਚ ਹੀ ਆਪਣੇ ਕਮਰੇ ਨੂੰ ਉਸਦਾ ਆਪਣਾ ਅਸਲੀ ਰੂਪ ਪਰਤਾ ਕੇ ਸ਼ਾਂਤੀ ਪਾਈ।

ਮੈਂ ਪਾਸ ਖਲੋਤਾ ਸ਼ਰਧੇ ਸ਼੍ਰੀਮਾਨ ਜੀ ਦੀ ਮਹਾਨ ਹਸਤੀ ਦੀ ਸਾਦਗੀ ਦੀ ਲਗਨ ਤੇ ਰੁੱਚੀ ਵੇਖ ਕੇ ਧੰਨ ਧੰਨ ਹੋ ਰਿਹਾ ਸੀ ਤੇ ਬੇ ਬੱਸ ਮੇਰਾ ਤੁੱਛ ਹਿਰਦੇ ਉਨ੍ਹਾਂ ਦੇ ਪਾਕ ਕਦਮਾਂ ਵਿੱਚ ਝੁੱਕ ਰਿਹਾ ਸੀ।

ਫੇਰ ਸ਼ਰਧੇ ਸ਼੍ਰੀਮਾਨ ਜੀ ਹਸਬ ਮਾਮੂਲ ਆਰਾਮ ਕੁਰਸੀ ਤੇ ਬੈਠ ਗਏ ਤੇ ਹਮੇਸ਼ਾ ਵਾਂਗ ਰਾਤ ਦੀਆਂ ਖਬਰਾਂ ਰੇਡੀਓ ਤੇ ਲਾ ਦਿੱਤੀਆਂ। ਮੈਂ ਉਨ੍ਹਾਂ ਦੇ ਚਰਨਾਂ ਵਿੱਚ ਵਿਛੀ ਰਹਿਣ ਵਾਲੀ ਚਿਟਾਈ ਤੇ ਬੈਠ ਗਿਆ ਤੇ ਚਰਨ ਸੇਵਾ ਕਰਨ ਲੱਗ ਪਿਆ।

ਮਹਾਨ ਹਸਤੀ ਦੀ ਅਤੀ ਸਾਦਾ ਬਿਰਤੀ, ਮੇਰੇ ਹਿਰਦੇ ਤੇ ਸਦਾ ਲਈ ਅੰਕਤ ਹੋ ਗਈ।

ਸ਼ੁਭ ਸੰਗਰਾਮ

ਯੋਲ ਕੈਂਟ :- 23 ਮਾਰਚ ਨੂੰ ਸ਼੍ਰੀਮਾਨ ਬਲਦੇਵ ਸਿੰਘ ਜੀ ਡਾਕਟਰ ਵਿਨੋਦ ਖੇੜਾ ਜੀ ਨਾਲ ਬਾਅਦ ਦੁਪਹਿਰ ਏਥੇ ਪੁੱਜੇ। ਡਾ: ਸਾਹਿਬ ਕੁਝ ਦੇਰ ਰੁਕ ਕੇ ਧਰਮਸ਼ਾਲਾ ਚਲੇ ਗਏ, ਸ਼੍ਰੀਮਾਨ ਜੀ ਏਥੇ ਰੁਕ ਗਏ। ਰਾਤ ਨੂੰ ਦੋਹਾਂ ਡੋਗਰਾ ਪਰਿਵਾਰਾਂ ਨੂੰ ਲੈ ਕੇ ਸਭਾ ਕਰਾਈ। ਸਭਾ ਵਿਚ ਦੱਸਿਆ ਗਿਆ ਕਿ ਪਰਮ ਪੂਜਨੀਕ ਭਗਵਾਨ ਦੇਵ ਆਤਮਾ ਦਾ ਜ਼ਹੂਰ ਅਤੀ ਸ਼ੈ ਲਾਸਾਨੀ ਹੈ। ਉਨ੍ਹਾਂ ਦਾ ਦੇਵ ਰੂਪ ਸਰਵਉੱਚ ਤੇ ਪਰਮ ਮਹਾਨ ਹੈ। ਉਨ੍ਹਾਂ ਦੇ ਅਸਰਾਂ ਜਾਂ ਦੇਵ ਪ੍ਰਭਾਂਵਾਂ ਨਾਲ ਸਾਡਾ ਸੱਤਿ ਕਲਿਆਣ ਜੁੜਿਆ ਹੋਇਆ ਹੈ। ਚਾਰਾਂ ਜਗਤਾਂ ਦਾ ਉਥਾਨ ਸਬੰਧਤ ਹੈ। ਦੇਵ ਅਸਰਾਂ ਦਾ ਪਹਿਲਾਂ ਕੰਮ ਹੈ, ਕਿ ਉਹ ਸਾਡਾ ਧਿਆਨ ਸਾਡੇ ਆਪਣੇ ਜੀਵਨ ਵੱਲ ਫੇ ਰਦੇ ਹਨ। ਸਾਡੀ ਨੀਚਤਾ ਤੇ ਕਮੀਆਂ ਦਿਖਾਉਂਦੇ ਹਨ। ਜੇ ਸਾਨੂੰ ਆਪਣੀਆਂ ਕਮੀਆਂ ਤੇ ਨੀਚਤਾ ਦਿਖਦੀ ਹੈ ਤੇ ਦੁਖੀ ਕਰਦੀ ਹੈ ਤਾਂ ਪ੍ਰਭਾਵ ਮਿਲਦੇ ਹਨ। ਸਾਨੂੰ ਸਦਾ ਦੇਵ ਪ੍ਰਭਾਵਾਂ ਦੇ ਲਈ ਸਾਧਨ, ਪਾਠ ਅਤੇ ਸਤਿਸੰਗ ਕਰਦੇ ਰਹਿਣਾ ਬਹੁਤ ਜਰੂਰੀ ਹੈ।

24 ਮਾਰਚ ਨੂੰ ਇਕ ਸਭਾ ਕੀਤੀ ਗਈ। ਇਸ ਵਿੱਚ ਦੱਸਿਆ ਗਿਆ ਕਿ ਜੀਵਨ ਤੱਤ ਕੀ ਹੁੰਦਾ ਹੈ। ਜੀਵਨ ਤੱਤ ਜੀਵਨ ਜਾਂ ਆਤਮਾ ਸਬੰਧੀ ਸਚਾਈਆਂ ਦੀ ਉਪਲਭਧੀ ਹੈ। (i) ਮਨੁੱਖ ਨੂੰ ਉਸ ਦੇ ਆਪਣੇ ਭਾਵ ਚਲਾਉਂਦੇ ਹਨ (ii) ਮਨੁੱਖ ਆਤਮਾ ਜਾਂ ਮਨੁਖੀ ਜੀਵਨ ਸਦਾ ਪਰਿਵਰਤਤ ਹੋ ਰਿਹਾ ਹੈ। ਆਪਣੇ ਭਾਵਾਂ ਨੂੰ ਜਾਨਣ ਦੀ ਇੱਛਾ ਹੀ ਨਹੀਂ ਹੈ। ਉਹ ਆਪਣੇ ਆਪ ਨਜ਼ਰ ਨਹੀਂ ਆਉਂਦੇ। ਹਰ ਸੁੱਖ ਅਨੁਰਾਗੀ ਨੀਚ ਗਤੀਆਂ ਕਰਦਾ ਹੈ ਤੇ ਆਪਣੀ ਹਾਨੀ ਕਰਦਾ ਹੈ। ਆਪਣੇ ਪਰਿਵਰਤਨ ਨੂੰ ਦੇਖਣਾ, ਉਸਦਾ ਫਿਕਰ ਕਰਨਾ, ਨੀਚ ਭਾਵਾਂ ਤੋਂ ਨਿਕਲਣਾ ਤੇ ਉੱਚ ਭਾਵ ਪੈਦਾ ਕਰਨ ਦੇ ਫਿਕਰ ਤੇ ਸੰਗਰਾਮ ਬਿਨਾ ਜੀਵਨ ਨਾਸ਼ ਤੋਂ ਨਹੀਂ ਬੱਚਦਾ।

ਰਾਤ ਨੂੰ ਫੇਰ ਇਕ ਸਭਾ ਕੀਤੀ ਗਈ। ਇਸ ਵਿਚ ਦੱਸਿਆ ਗਿਆ ਕਿ ਅੰਧਕਾਰ ਬਹੁਤ ਹੀ ਹਾਨੀ ਕਾਰਕ ਚੀਜ਼ ਹੈ। ਰੂਹਾਨੀ ਅੰਧਕਾਰ ਸਭ ਤੋਂ ਵਧੇਰੇ ਹਾਨੀ ਕਾਰਕ ਹੈ। ਅੰਧੇਰੇ ਵਿੱਚ ਆਪਣੇ ਦੋਸਤ ਦੁਸ਼ਮਣ ਦੀ ਪਹਿਚਾਣ ਮੁਸ਼ਕਲ ਹੈ। ਅੰਧੇਰੇ ਵਿੱਚ ਆਪਣੇ ਲਖਸ਼ ਦਾ ਪਤਾ ਨਹੀਂ ਹੁੰਦਾ। ਅੰਧਕਾਰ ਵਿੱਚ ਆਪਣੇ ਆਪ ਦਾ ਅੰਦਾਜਾ ਗਲਤ ਲਾ ਕੇ, ਮਨੁੱਖ ਹਾਨੀ ਉਠਾਉਂਦਾ ਹੈ। ਅੰਧੇਰੇ ਵਿੱਚ ਬਹੁਤ ਜਿਆਦਾ, ਅਮੀਰ, ਹੁੰਦਾ ਹੁੰਦਾ ਇਨਸਾਨ ਖਤਮ ਹੋ ਜਾਂਦਾ ਹੈ। ਜੇਲ ਪੁੱਜ ਜਾਂਦਾ ਹੈ। ਹਾਰਟ ਫੇਲ ਕਰਾ ਬੈਠਦਾ ਹੈ।

25 ਮਾਰਚ ਦੀ ਸਵੇਰ ਦੀ ਸਭਾ ਵਿੱਚ ਦੱਸਿਆ ਗਿਆ ਕਿ ਗੁਰੂ ਮਹਾਰਾਜ ਦੀ ਸ਼ਰਣ ਦਾ ਮਿਲਣਾ ਸਾਡਾ

ਮਹਾਂ ਸੁਭਾਗ ਹੈ। ਐਪਰ ਇਸ ਸੁਭਾਗ ਦੀ ਸੁਫਲਤਾ 1 ਪ੍ਰਤੀਸ਼ਤ ਤੋਂ ਵੀ ਸਾਡੇ ਜੀਵਨਾਂ ਵਿਚ ਘੱਟ ਹੁੰਦੀ ਹੈ। ਨਾ ਅਸੀਂ ਲੋੜੀਂਦੀ ਮਾਤਰਾ ਵਿੱਚ ਗੁਰੂ ਮਹਾਰਾਜ ਨੂੰ ਹੀ ਪਹਿਚਾਣ ਪਾਉਂਦੇ ਹਾਂ ਅਤੇ ਨਾ ਹੀ ਆਪਣੇ ਪ੍ਰਕ੍ਰਿਤ ਰੂਪ ਨੂੰ ਦੇਖ ਪਾਉਂਦੇ ਹਾਂ। ਹਰ ਰੋਜ ਸਾਧਨ ਕਰਨ ਦੀ ਲੋੜ ਨੂੰ ਖੋਹਲ ਕੇ ਦੱਸਿਆ ਗਿਆ। ਆਪਣੇ ਖਿਲਾਫ ਸੁਨਣਾ ਬਹੁਤ ਜਰੂਰੀ ਦੱਸਿਆ ਗਿਆ। ਆਪਣੇ ਫੈਸਲਿਆਂ ਦੇ ਵਿੱਰੁਧ ਸੋਚਣਾ ਤੇ ਸੁਨਣਾ ਜਰੂਰੀ ਹੈ। ਸਭਾਪਤੀ ਨੇ ਆਪਣੀਆਂ ਕਮੀਆਂ ਬਾਰੇ ਪੁੱਛਿਆ ਕਿ ਆਪ ਖੁੱਲ ਕੇ ਮੈਨੂੰ ਦੱਸੋ, ਸਾਨੂੰ ਖੁਸ਼ੀ ਹੋਵੇਗੀ। ਕੁਲ 400 ਰੁਪਏ ਚੰਦਾ ਅਖ਼ਬਾਰ ਆਦਿ ਪ੍ਰਾਪਤ ਹੋਇਆ। ਸਾਥੀਆਂ ਨੇ ਦੁਬਾਰਾ ਆਉਣ ਲਈ ਕਿਹਾ।

ਲਾਂਝਨੀ :- 25 ਮਾਰਚ ਸ਼ਾਮ ਨੂੰ ਏਥੇ ਸ਼੍ਰੀ ਪ੍ਰਸ਼ੋਤਮ ਜੀ ਦੇ ਘਰ ਸਭਾ ਕੀਤੀ। ਇਕ ਦਰਜਨ ਦੇ ਕਰੀਬ ਜਨ ਸ਼ਾਮਲ ਹੋਏ। ਸਭਾ ਵਿੱਚ ਦੱਸਿਆ ਗਿਆ ਕਿ ਆਪਣੀ ਨੀਚਤਾ ਵੱਲ ਧਿਆਨ ਗੁਰੂ ਮਹਾਰਾਜ ਦੀ ਰੋਸ਼ਨੀ ਵਿਚ ਹੀ ਜਾਂਦਾ ਹੈ। ਨਹੀਂ ਤਾਂ ਆਪਣਾ ਆਪ ਦਿਖਾਈ ਨਹੀਂ ਦਿੰਦਾ। ਸਬੰਧਾਂ ਵਿੱਚ ਸਵਾਰਥ ਨਾਲ ਜੁੜ ਕੇ ਨਰਕ ਪੈਦਾ ਹੁੰਦਾ ਹੈ। ਉੱਚ ਭਾਵਾਂ ਨਾਲ ਜੁੜ ਕੇ ਸਬੰਧ ਹਿਤਕਰ ਬਣਦੇ ਹਨ।

26 ਤਾਰੀਖ ਸਵੇਰ ਨੂੰ ਇਕ ਸਭਾ ਰੱਖੀ। ਇਸ ਵਿਚ 12 ਜਨ ਸ਼ਾਮਲ ਹੋਏ। ਇਸ ਵਿੱਚ ਦੱਸਿਆ ਗਿਆ ਕਿ ਇਲਾਜ ਦਾ ਸਬੰਧ ਸਰੀਰ ਦੇ ਰੋਗਾਂ ਦੇ ਨਾਲ ਹੈ। ਧਰਮ ਦਾ ਸਬੰਧ ਮਨੁੱਖ ਆਤਮਾ ਦੇ ਇਲਾਜ ਨਾਲ ਹੈ। ਆਤਮਾ ਨੂੰ ਛੱਡ ਕੇ, ਭਾਵਾਂ ਨੂੰ ਛੱਡ ਕੇ ਕੋਈ ਧਰਮ ਨਹੀਂ ਹੁੰਦਾ। ਮਨੁੱਖ ਨੂੰ ਉਸਦੇ ਭਾਵ ਚਲਾਉਂਦੇ ਹਨ। ਨੀਚ ਭਾਵ ਆਤਮਾ ਦੇ ਰੋਗ ਹਨ। ਉੱਚ ਭਾਵ ਆਤਮਾ ਦੀ ਸੇਹਤ ਹਨ। ਦੇਵ ਆਤਮਾ ਨੀਚ ਭਾਵ ਦਿਖਾਉਂਦੇ ਹਨ ਤੇ ਉਨਾਂ ਤੋਂ ਮੁਕਤ ਕਰਦੇ ਹਨ। ਉੱਚ ਭਾਵ ਪੈਦਾ ਕਰਦੇ ਹਨ। ਦੇਵ ਆਤਮਾ ਦਾ ਮਿਸ਼ਨ ਮਰਦੀਆਂ ਰੂਹਾਂ ਨੂੰ ਬਚਾਉਣਾ ਹੈ।

ਪਬਲਿਕ ਸਭਾ :- ਉਸ ਸਥਾਨ ਤੇ ਮਹਿਲਾ ਮੰਡਲ ਅਤੇ ਯੁਵਕ ਕਲੱਬ ਦਾ ਸਮਾਗਮ ਚਲ ਰਿਹਾ ਸੀ। ਉੱਥੇ ਕਾਫੀ ਸੰਖਿਆ ਵਿੱਚ ਪੜ੍ਹੇ ਲਿਖੇ ਇਸਤਰੀ ਪੁਰਖ ਪੁੱਜੇ ਹੋਏ ਸਨ। ਉਨਾਂ ਸਭ ਨੂੰ ਸੰਭੋਧਨ ਕਰਨ ਦਾ ਅਵਸਰ ਮਿਲਿਆ। ਉਥੇ ਇਕ ਜੋਰਦਾਰ ਸਭਾ ਹੋਈ। ਜਿਸ ਵਿਚ ਦੱਸਿਆ ਗਿਆ ਕਿ ਮਨੁੱਖ ਭਰੋਸੇਯੋਗ ਨਹੀਂ। ਉਸ ਪਾਸ ਧਰਮ ਨਾਮ ਦੀ ਕੋਈ ਚੀਜ ਨਹੀਂ ਹੁੰਦੀ। ਫੇਰ ਦੱਸਿਆ ਗਿਆ ਕਿ ਭੈੜੀ ਸੰਗਤ ਦੀਆਂ ਕੀ ਹਾਨੀਆਂ ਹੁੰਦੀਆਂ ਹਨ। ਸਰੋਤਾ ਬਹੁਤ ਪ੍ਰਭਾਵਿਤ ਹੋਏ। ਉਥੇ ਸਮਾਜ ਦਾ ਸਾਹਿਤ ਵੰਡਣ ਦਾ ਫੈਸਲਾ ਕੀਤਾ ਗਿਆ। ਸ਼੍ਰੀਮਾਨ ਪਰਸ਼ੋਤਮ ਜੀ ਨੇ ਵੀ ਉਨ੍ਹਾਂ ਨੂੰ ਸੰਬੋਧਨ ਕੀਤਾ। ਬਹੁਤ ਚੰਗਾ ਵਾਤਾਵਰਣ ਬਣਿਆ।

ਏਥੋਂ 500 ਰੁਪਏ ਦਾਨ ਤੇ ਚੰਦਾ ਅਖਬਾਰਾਂ ਦੇ ਵਜੋਂ ਪ੍ਰਾਪਤ ਹੋਏ। ਸ਼ਾਮ ਨੂੰ ਸ਼੍ਰੀਮਾਨ ਜੀ ਧਰਮਸ਼ਾਲਾ ਪੁੱਜ ਗਏ। ਉਥੇ ਰਾਤ ਨੂੰ ਇਕ ਸਭਾ ਕੀਤੀ ਗਈ। ਇਸ ਵਿੱਚ ਦੱਸਿਆ ਗਿਆ ਕਿ ਦੇਵ ਆਤਮਾ ਵਿਕਾਸ ਦੇ ਕ੍ਰਮ ਵਿੱਚ ਆਏ ਹਨ। ਉਹ ਨਵੀਂ ਜੋਤੀ ਸ਼ਕਤੀ ਲੈ ਕੇ ਆਏ ਹਨ। ਅਤੇ ਜੋ ਜਨ ਉਸ ਨਾਲ ਜੁੜਦੇ ਹਨ ਉਹ ਕੁਝ ਦਾ ਕੁਝ ਵਿਕਾਸ ਪਾਉਂਦੇ ਹਨ। ਅਥਾਹ ਭਲਾ ਹੁੰਦਾ ਹੈ।

27 ਤਾਰੀਖ ਸਵੇਰੇ ਵੀ ਇਕ ਸਭਾ ਕੀਤੀ ਗਈ। ਇਸ ਵਿੱਚ ਦੱਸਿਆ ਗਿਆ ਕਿ ਮਨੁੱਖ ਆਪਣੇ ਜੀਵਨ ਦੀ ਸਫਲਤਾ ਲਈ ਆਪਣੇ ਤੋਂ ਮਹਾਨ ਵਿਅਕਤੀਆਂ ਉੱਤੇ ਨਿਰਭਰ ਕਰਦਾ ਹੈ। ਆਪਣੇ ਆਪ ਮਨੁੱਖ ਸੰਗਰਾਮ ਕਰਕੇ ਵੀ ਮਿੱਥਿਆ, ਪਾਪ, ਮੋਹ ਅਤੇ ਅਗਿਆਨ ਵਿੱਚ ਫਸ ਜਾਂਦਾ ਹੈ। ਨੇਚਰ ਵਿੱਚ ਨਿਰਭਰਤਾ ਦਾ ਨੇਮ ਕੰਮ ਕਰਦਾ ਹੈ। ਬੇਜਾਣ ਜਗਤ, ਪੌਦੇ ਅਤੇ ਪਸ਼ੂ ਵੀ ਆਪਣੇ ਵਿਕਾਸ ਲਈ ਮਨੁੱਖ ਤੇ ਨਿਰਭਰ ਕਰਦੇ ਹਨ। ਮਨੁੱਖ ਦੇ ਸਰਵ ਹਿੱਤ ਸੰਪਾਦਨ ਲਈ ਨੇਚਰ ਨੇ ਦੇਵ ਆਤਮਾ ਨੂੰ ਪ੍ਰਗਟ ਕੀਤਾ ਹੈ। ਮਨੁੱਖ ਆਪਣੇ ਆਤਮਿਕ ਰੱਖਿਆ ਤੇ ਵਿਕਾਸ ਦੇ ਲਈ ਦੇਵ ਆਤਮਾ ਦੇ ਅਦੁਤੀ ਪ੍ਰਭਾਂਵਾਂ ਉੱਤੇ ਨਿਰਭਰ ਕਰਦਾ ਹੈ। ਇਥੇ ਡੋਗਰਾ ਪਰਿਵਾਰ ਤੋਂ 500 ਰੁਪਏ ਚੰਦਾ ਅਖਬਾਰ ਅਤੇ ਦਾਨ ਪ੍ਰਾਪਤ ਹੋਏ। ਇਸ ਤੋਂ ਬਾਅਦ ਸ਼੍ਰੀਮਾਨ ਜੀ ਆਪਣੇ ਧਰਮ ਸਬੰਧੀਆਂ ਨਾਲ ਚੰਡੀਗੜ੍ਹ ਪਹੁੰਚੇ।

ਸੰਗਰੂਰ ਵਿਖੇ ਪੰਜ ਰੋਜ਼ਾ ਸਤਿਸੰਗ :- 10 ਅਪ੍ਰੈਲ ਤੋਂ 14 ਅਪ੍ਰੈਲ ਤੱਕ ਸੰਗਰੂਰ ਵਿੱਖੇ ਸਤਿ ਸੰਗ ਰੱਖਿਆ ਗਿਆ। ਇਸ ਲਈ ਸਥਾਨਕ ਸਾਧਨ ਮੰਦਰ ਦੀ ਸਫਾਈ, ਰਿਹਾਇਸ਼ੀ ਕਮਰਿਆਂ ਸਮੇਤ ਧੁਲਾਈ ਆਦਿ ਦਾ ਕੰਮ ਸ਼੍ਰੀਮਾਨ ਸੀਤਾ ਰਾਮ ਜੀ ਨੇ ਕਰਾਇਆ। ਸੁੰਦਰ ਵਿਛਾਈ ਕੀਤੀ ਗਈ।

ਚੰਡੀਗੜ੍ਹ ਤੋਂ ਸ਼੍ਰੀਮਾਨ ਬਲਦੇਵ ਸਿੰਘ ਜੀ, ਕੇ ਸੂਪੁਰ ਤੋਂ ਸੁਖਦੇਵ ਸਿੰਘ ਜੀ ਅਤੇ ਜੰਗੀਰ ਸਿੰਘ ਜੀ, ਕਲਿਆਣ ਤੋਂ ਸ਼੍ਰੀਮਾਨ ਬਲਬਹਾਦਰ ਸਿੰਘ ਜੀ, ਅਤੇ ਪਦਮਪੁਰ ਤੋਂ ਸ਼੍ਰੀਮਾਨ ਡਾ: ਮਨਸਾ ਸਿੰਘ ਜੀ ਤੇ ਗੋਪਾਲ ਜੀ ਵੀ ਐਤਵਾਰ ਤੱਕ ਇਸ ਅਵਸਰ ਲਈ ਪੁੱਜ ਗਏ।

10 ਅਪ੍ਰੈਲ ਰਾਤ ਨੂੰ ਸ਼੍ਰੀਮਾਨ ਬਲਦੇਵ ਸਿੰਘ ਜੀ ਨੇ ਸਭਾ ਕਰਾਈ। ਇਸ ਵਿੱਚ ਕੇਵਲ 9 ਜਨ ਸ਼ਾਮਲ ਹੋਏ। ਸਭਾ ਵਿੱਚ ਦੱਸਿਆ ਗਿਆ ਕਿ ਮਨੁੱਖ ਨੀਚ ਸੁੱਖਾਂ ਦਾ ਗੁਲਾਮ ਹੋ ਕੇ ਬਰਬਾਦ ਹੋ ਰਿਹਾ ਹੈ। ਉਸ ਦੇ ਧਰਮ ਕਰਮ ਉਸਦਾ ਕੁਝ ਸਵਾਰ ਨਹੀਂ ਰਹੇ। ਨਸ਼ਿਆਂ, ਕਾਮ ਵਾਸਨਾ, ਗੁੱਸੇ, ਧੰਨ ਅਨੁਰਾਗ, ਮੋਹ ਬੰਧਨਾਂ ਨਾਲ ਕਿਵੇਂ ਬਰਬਾਦੀ ਆ ਰਹੀ ਹੈ। ਇਸ ਸਬੰਧੀ ਘਟਨਾਵਾਂ ਪੇਸ਼ ਕੀਤੀਆਂ ਗਈਆਂ। ਦੇਵ ਆਤਮਾ ਕਿਵੇ ਂ ਬਰਬਾਦ ਹੁੰਦੀਆਂ ਰੂਹਾਂ ਨੂੰ ਬਚਾ ਰਹੇ ਹਨ, ਉਹ ਦ੍ਰਿਸ਼ ਪੇਸ਼ ਕੀਤਾ ਗਿਆ। ਅਗਲੇ ਦਿਨਾਂ ਦੀਆਂ ਸਭਾਵਾਂ ਦਾ ਪ੍ਰੋਗਰਾਮ ਦੱਸਿਆ ਗਿਆ।

11 ਅਪ੍ਰੈਲ ਸਵੇਰ ਦੀ ਸਭਾ 8:30 ਵਜੇ ਰੱਖੀ ਗਈ। ਇਸ ਵਿੱਚ 10-12 ਇਸਤਰੀ ਪੁਰਖ ਸ਼ਾਮਲ ਹੋਏ । ਇਸ ਵਿਚ ਦੱਸਿਆ ਗਿਆ ਕਿ ਧਰਮ ਦੀ ਕਿਉਂ ਲੋੜ ਹੈ। ਇਸ ਲਈ ਕਿ ਧਰਮ ਬਿਨਾਂ ਮਨੁੱਖ ਦੁਖਾਂ ਵਿੱਚ ਬੁਰੀ ਤਰ੍ਹਾਂ ਫਸ ਜਾਂਦਾ ਹੈ ਤੇ ਉਸਦਾ ਜੀਣਾ ਦੁੱਭਰ ਹੋ ਜਾਂਦਾ ਹੈ। ਮਿੱਥਿਆ ਵਿਸ਼ਵਾਸਾ ਦੇ ਹਨੇਰੇ ਦੇ ਦੁਖਾਂ, ਨਸ਼ਿਆਂ ਵਿਸ਼ਿਆਂ ਰਿਸ਼ਵਤ ਦੇ ਦੁੱਖ, ਪਰਿਵਾਰ ਦੇ ਦੁੱਖ, ਸਬੰਧਾਂ ਦੇ ਦੁੱਖ, ਆਤਮ ਅਗਿਆਨਤਾ ਤੇ ਦੁੱਖ ਨੀਚ ਜੀਵਨ ਦੇ ਦੁੱਖ। ਇਨਾਂ ਨੂੰ ਗੁਰੂ ਮਹਾਰਾਜ ਦਿਖਾਉਂਦੇ ਹਨ ਅਤੇ ਮਨੁੱਖਾਂ ਦਾ ਨੀਚ ਜੀਵਨ ਮਿਟਾ ਕੇ ਉੱਚ ਭਾਵ ਪੈਦਾ ਕਰਕੇ, ਮਨੁੱਖ ਦੇ ਦੁੱਖ ਦੂਰ ਕਰਦੇ ਹਨ ਅਤੇ ਉਚ ਸੁਖ ਪ੍ਰਦਾਨ ਕਰਦੇ ਹਨ। ਲੋਕ ਪ੍ਰਲੋਕ ਸੰਵਾਰਦੇ ਹਨ।

ਰਾਤ ਨੂੰ ਫੇਰ ਸਭਾ ਹੋਈ ਇਸ ਵਿੱਚ 18-20 ਜਨ ਸ਼ਾਮਲ ਹੋਏ। ਕੁਝ ਨਵੇਂ ਜਨ ਵੀ ਸਾਮਲ ਹੋਏ। ਇਸ ਵਿੱਚ ਦੱਸਿਆ ਗਿਆ ਕਿ ਵਿਸ਼ਵ ਵਿੱਚ ਅਸਰਾਂ ਦਾ ਗੁਪਤ ਖੇਲ ਹੈ। ਬੁਰੇ ਅਸਰਾਂ ਵਿੱਚ ਘਿਰ ਕੇ ਕਿਸ ਪ੍ਰਕਾਰ ਮਨੁੱਖ ਬਰਬਾਦ ਹੁੰਦਾ ਹੈ ਇਹ ਸਚਾਈ ਸਮਝਾਈ ਗਈ। ਦੇਵ ਆਤਮਾ ਦੇ ਅਸਰ ਅਦੁੱਤੀ ਹਨ। ਉਹ ਮਨੁੱਖ ਦਾ ਧਿਆਨ ਉਸ ਦੇ ਆਪਣੇ ਨੀਚ ਜੀਵਨ ਦੇ ਵੱਲ ਫੇਰਦੇ ਹਨ, ਅਤੇ ਮਨੁੱਖ ਨੂੰ ਉਸ ਤੋਂ ਮੁਕਤ ਕਰਦੇ ਹਨ ਤੇ ਉੱਚ ਜੀਵਨ ਪ੍ਰਦਾਨ ਕਰਦੇ ਹਨ, ਦੇਵ ਅਸਰ, ਮਨੁੱਖ ਨੂੰ ਉੱਚ ਬਰਕਤਾਂ ਨਾਲ ਮਾਲਾ ਮਾਲ ਕਰਦੇ ਹਨ।

12 ਅਪ੍ਰੈਲ 2004 ਸਵੇਰ ਦੀ ਸਭਾ ਵਿੱਚ ਸ੍ਰੀਮਾਨ ਓਮ ਪ੍ਰਕਾਸ਼ ਜੀ ਵਰਮਾ ਵੀ ਪੁੱਜ ਗਏ। ਇਸ ਸਭਾ ਵਿਚ 15 ਤੋਂ ਉਪਰ ਹਾਜਰੀ ਸੀ। ਇਸ ਵਿਚ ਦੱਸਿਆ ਗਿਆ ਕਿ ਮਨੁੱਖ ਨੂੰ ਆਪਣੇ ਤੋਂ ਮਹਾਨ ਯੋਗ, ਪੜ੍ਹੇ ਲਿਖੇ, ਪਦਧਾਰੀ, ਅਮੀਰ ਨਾਲ ਜੁੜਨਾ ਸੁਭਾਗ ਹੁੰਦਾ ਹੈ। ਦੇਵ ਆਤਮਾ ਨਾਲ ਜੁੜਨਾ ਉਨ੍ਹਾਂ ਨੂੰ ਜਾਂ ਉਨ੍ਹਾਂ ਦੇ ਕਾਰਜ ਨੂੰ ਕੁਝ ਵੀ ਜਾਣਨਾ, ਮਨੁੱਖ ਦਾ ਸਭ ਤੋਂ ਵੱਡਾ ਸੁਭਾਗ ਹੈ। ਦੇਵ ਆਤਮਾ ਨਾਲ ਜੁੜ ਕੇ ਇਕ ਇਕ ਜਨ ਕਿਵੇਂ ਮਹਾਨ ਹੋ ਜਾਂਦਾ ਹੈ। ਉਸ ਦੇ ਉਦਾਹਰਣ ਪੇਸ਼ ਕੀਤੇ ਗਏ। ਦੇਵ ਆਤਮਾ ਦੀ ਸ਼ਰਨ ਪ੍ਰਾਪਤ ਹੋਣ ਨਾਲ ਮਨੁੱਖ ਦੇ ਜੀਵਨ ਦੀ ਸਫਲਤਾ ਦੇ ਉਸ ਦੀ ਯੋਗਤਾ ਅਨੁਸਾਰ ਦੁਆਰ ਖੁੱਲ ਜਾਂਦੇ ਹਨ।

ਸ਼ਾਮ ਦੀ ਜਾਂ ਰਾਤ ਦੀ ਸਭਾ ਸ੍ਰੀਮਾਨ ਬਲਬਹਾਦਰ ਸਿੰਘ ਜੀ ਨੇ ਕਰਾਈ। ਇਸ ਵਿੱਚ 20-21 ਜਨ੍ਹਾਂ ਦੀ ਹਾਜਰੀ ਸੀ। ਇਸ ਸਭਾ ਵਿੱਚ ਦੱਸਿਆ ਗਿਆ ਕਿ ਦੇਵ ਆਤਮਾ ਦੀ ਸ਼ਰਨ ਮਨੁੱਖ ਆਤਮਾ ਲਈ ਸੱਚਾ ਟਿਕਾਣਾ ਹੈ। ਮਨੁੱਖ ਦੇ ਅੰਦਰ ਹੀ ਨੀਚ ਸ਼ਕਤੀਆਂ ਦੇ ਸ਼ਤਰੂ ਵਸਦੇ ਹਨ। ਉਨ੍ਹਾਂ ਸ਼ਤਰੂਆਂ ਨੂੰ ਦੇਖਣ ਦਾ ਇਕੋ ਇਕ ਤਰੀਕਾ ਹੈ, ਕਿ ਦੇਵ ਆਤਮਾ ਦੀ ਜੋਤੀ ਮਿਲੇ। ਹੋਰ ਨੇਚਰ ਅੰਦਰ ਇਨਾਂ ਸ਼ਤਰੂਆਂ ਨੂੰ ਨਾ ਦੇਖਣ ਦਾ, ਨਾ ਉਨ੍ਹਾਂ ਦੀ ਭਿਆਨਕ ਹਾਨੀ ਦਾ ਪਤਾ ਪਾਉਣ ਦਾ ਕੋਈ ਵੀ ਸਾਧਨ ਨਹੀਂ ਹੈ। ਉਨ੍ਹਾਂ ਸ਼ਤਰੂਆਂ ਤੋਂ ਬਚਣ ਲਈ ਵੀ ਮਨੁੱਖ ਦੇਵ ਆਤਮਾ ਉਤੇ ਪੂਰਨ ਨਿਰਭਰ

Regd. Postal No.Pb (0049s) 2003
Regd. with Registrar News Paper No. 72258/88

ਕਰਦਾ ਹੈ। ਬਹੁਤ ਸੁੰਦਰ ਢੰਗ ਨਾਲ ਇਸ ਵਿਸ਼ੇ ਨੂੰ ਪੇਸ਼ ਕੀਤਾ ਗਿਆ ਤੇ ਦੇਵ ਆਤਮਾ ਦੇ ਨਾਦਰ ਸਬੰਧ ਨੂੰ ਹਾਜ਼ਰੀਨ ਦੇ ਉਤੇ ਨਕਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ।

13 ਅਪ੍ਰੈਲ 2004 ਦੀ ਸਵੇਰ ਦੀ ਸਭਾ ਸ਼੍ਰੀਮਾਨ ਬਲਦੇਵ ਸਿੰਘ ਜੀ ਨੇ ਕਰਾਈ। ਇਸ ਵਿੱਚ ਸਿਰਫ 12/14 ਜਨ ਆ ਕੇ ਸ਼ਾਮਲ ਹੋਏ। ਇਸ ਵਿੱਚ ਦੱਸਿਆ ਗਿਆ ਕਿ ਧਰਮ, ਉੱਚ ਭਾਵਾਂ ਦਾ ਨਾਂ ਹੈ। ਇਨਾਂ ਨੂੰ ਪੈਦਾ ਕਰਨ ਦੇ ਸਾਧਨ ਕਰਨੇ ਜਰੂਰੀ ਹਨ। ਉੱਚ ਭਾਵ ਦੱਸੇ ਗਏ। ਉਨ੍ਹਾਂ ਨੂੰ ਵਿਸਤਾਰ ਨਾਲ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ। ਅੱਜ ਪਦਮਪੁਰ ਤੋਂ ਸ਼੍ਰੀਮਾਨ ਆਸਾ ਸਿੰਘ ਜੀ ਵੀ ਗਏ ਸਨ।

ਰਾਤ ਦੀ ਸਭਾ ਸ਼੍ਰੀਮਾਨ ਬਲਬਹਾਦਰ ਸਿੰਘ ਜੀ ਨੇ ਕਰਾਈ। ਇਸ ਵਿੱਚ 20 ਤੋਂ ਉਪਰ ਹਾਜਰੀ ਸੀ। 6 ਸਥਾਨਕ ਸੇਵਕ ਵੀ ਸਨ। ਇਸ ਵਿੱਚ ਕਰਤੱਗਤਾ ਬਾਰੇ ਬਹੁਤ ਸੁੰਦਰ ਬਿਆਨ ਹੋਇਆ। ਸਭਾਪਤੀ ਜੀ ਨੇ ਆਪਣੀ ਅਬੋਧ ਅਵਸਥਾ ਦਾ ਮਾਤਾ ਪਿਤਾ ਦੇ ਸਬੰਧ ਵਿਚ ਬਿਆਨ ਕੀਤਾ। ਫੇਰ ਸਮਾਜ ਵਿਚ ਆ ਕੇ ਮਾਤਾ ਪਿਤਾ ਸਬੰਧੀ ਆਪਣੇ ਅੰਦਰ ਆਏ ਅਤਿ ਸੁੰਦਰ ਪਰਿਵਰਤਨ ਦਾ ਬਿਆਨ ਕੀਤਾ। ਬਹੁਤ ਚੰਗਾ ਵਾਤਾਵਰਨ ਪੈਦਾ ਹੋਇਆ।

14 ਅਪ੍ਰੈਲ 2004 ਦੀ ਸਵੇਰ ਦੀ ਸਭਾ ਏਥੇ ਆਖਰੀ ਸੀ। ਇਹ ਸਭਾ ਵੀ ਸ਼੍ਰੀਮਾਨ ਬਲਬਹਾਦਰ ਸਿੰਘ ਜੀ ਨੇ ਕਰਾਈ। ਦੱਸਿਆ ਕਿ ਦੇਵ ਪ੍ਰਭਾਂਵਾਂ ਦੀ ਪ੍ਰਾਪਤੀ ਲਈ ਸਭ ਤੋਂ ਵੱਡੀ ਰੁਕਾਵਟ ਬਾਰੇ ਬਿਆਨ ਕੀਤਾ। ਦੱਸਿਆ ਕਿ ਦੇਵ ਪ੍ਰਭਾਂਵਾਂ ਦੀ ਪ੍ਰਾਪਤੀ ਲਈ ਸਭ ਤੋਂ ਵੱਡੀ ਰੁਕਾਵਟ ਹੈ ਮਨੁੱਖ ਦਾ ਆਪ ਨਾਲ ਬੇ-ਹੱਦ ਬੱਝਿਆ ਹੋਇਆ ਹੋਣਾ ਹੈ। ਉਸ ਤੋਂ ਬਾਹਰ ਨਿਕਲਣਾ ਬੇ-ਹਦ ਕਠਨ ਹੈ। ਸ਼ਰਧਾ, ਸ਼ੁਕਰਗੁਜਾਰੀ ਤੇ ਹਾਨੀ ਪਰਿਸ਼ੋਧ ਦੇ ਸਾਧਨ ਏਸੇ ਰੁਕਾਵਟ ਦਾ ਅਧਿਕਾਰ ਘਟਾਉਣ ਲਈ ਜਰੂਰੀ ਹਨ। ਆਪਣੀ ਨੀਚਤਾ ਅਤੇ ਔਗਣ ਬਾਰ ਬਾਰ ਦੇਖਣਾ ਅਤੇ ਲਿਖਦੇ ਰਹਿਣਾ ਅਹੰ ਘਟਾਉਣ ਲਈ ਜਰੂਰੀ ਹੈ।

ਦਿੱਲੀ :- 19 ਅਪ੍ਰੈਲ ਨੂੰ ਸ਼੍ਰੀਮਾਨ ਬਲਦੇਵ ਸਿੰਘ ਜੀ, ਸ਼੍ਰੀਮਤੀ ਸ਼ਸੀ ਜੀ ਖੇੜਾ ਅਤੇ ਸ਼੍ਰੀਮਤੀ ਸੁਰਜੀਤ ਜੀ ਬਰਾੜ ਸਵੇਰੇ ਏਥੇ ਪੁੱਜੇ। ਸ਼ਸੀ ਜੀ ਬਸੰਤ ਕੁੰਜ ਵਿੱਚ ਆਪਣੇ ਮਾਮਾ ਜੀ ਦੇ ਘਰ ਰਹੀਆਂ। ਉਥੇ ਆਪਣੇ ਭਾਈ ਅਜੇਯ ਜੀ ਨੂੰ ਮਿਲੀਆ। ਉਨ੍ਹਾਂ ਨਾਲ ਹਿੱਤਕਰ ਗਲ ਬਾਤ ਕਰਦੀਆਂ ਰਹੀਆਂ। ਸ਼੍ਰੀਮਾਨ ਜੀ ਵੀ ਕੁਝ ਪਲ ਅਜੇਯ ਜੀ ਨੂੰ ਮਿਲੇ।

ਸ਼੍ਰੀਮਾਨ ਬਲਦੇਵ ਸਿੰਘ ਜੀ ਅਤੇ ਸੁਰਜੀਤ ਜੀ, ਜੰਗ ਪੁਰਾ ਵਿੱਚ ਸ਼੍ਰੀਮਤੀ ਲਤਾ ਜੀ, ਜੋ ਗੁਰੂ ਮਹਾਰਾਜ ਦੀਆਂ ਪੋਤੀਆਂ ਹਨ, ਉਨ੍ਹਾਂ ਦੇ ਘਰ ਜਾ ਕੇ ਮਿਲੇ। ਸਨਮਾਨ ਪ੍ਰਦਰਸ਼ਨ ਕੀਤਾ। ਉਹ ਹਰ ਸਾਲ ਗੁਰੂ ਮਿਸ਼ਨ ਲਈ ਖੁਸ਼ੀ ਖੁਸ਼ੀ ਦਾਨ ਭੇਜ ਦੀਆਂ ਹਨ। ਉਹ ਬਹੁਤ ਬਿਰਧ ਤੇ ਕਮਜ਼ੋਰ ਹੋ ਚੁੱਕੀਆਂ ਹਨ। ਉਨ੍ਹਾਂ ਦੀ ਸੇਹਤ ਦਾ ਪਤਾ ਲਿਆ ਤੇ ਪ੍ਰਣਾਮ ਕੀਤਾ।

ਸ਼੍ਰੀਮਾਨ ਜੀ ਰੰਗ ਪੁਰੀ ਵਿੱਚ ਸ਼੍ਰੀਮਾਨ ਗਿਰਵਰ ਪਰਸਾਦ ਜੀ ਨੂੰ ਅਗਲੇ ਦਿਨ ਮਿਲੇ। ਉਨ੍ਹਾਂ ਦੀ ਸੇਹਤ ਦਾ ਪਤਾ ਕੀਤਾ ਤੇ ਪ੍ਰਣਾਮ ਕਰਕੇ ਉਨ੍ਹਾਂ ਤੋਂ ਵਿਦਾ ਲਈ।

(**ਇਕ ਸੇਵਕ**)

Printer, Publisher & Owned By Shriman Baldev Singh, House No. 3154, Sector 21-D, Chandigarh,
ਮੰਤਰੀ-ਦੇਵ-ਧਰਮ-ਮਿਸ਼ਨ ਨੇ Surya Laser Den, Chandigarh ਤੋਂ ਛਪਵਾਇਆ ਹੈ, ਐਡੀਟਰ ਬਲਦੇਵ ਸਿੰਘ।

Book Post